Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 76 | Tuesday, April 19, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸਿਸਟਮ ਵਿੱਚ ਗੜਬੜੀ ਕਾਰਨ ਸਨਵਿੰਗ ਦੇ ਯਾਤਰੀ ਪੀਅਰਸਨ ਏਅਰਪੋਰਟ ਉੱਤੇ ਫਸੇ




ਓਟਵਾ, 18 ਅਪਰੈਲ (ਪੋਸਟ ਬਿਊਰੋ) : ਸਨਵਿੰਗ ਏਅਰਲਾਈਨਜ਼ ਦੇ ਕੰਪਿਊਟਰ ਸਿਸਟਮ ਵਿੱਚ ਹੋਈ ਕਿਸੇ ਗੜਬੜੀ ਕਾਰਨ ਪੀਅਰਸਨ ਏਅਰਪੋਰਟ ਉੱਤੇ ਕਈ ਫਲਾਈਟਾਂ ਫਸ ਗਈਆਂ।

ਇੱਕ ਬਿਆਨ ਵਿੱਚ ਏਅਰਲਾਈਨ ਨੇ ਆਖਿਆ ਕਿ ਨੈੱਟਵਰਕ ਵਿੱਚ ਆਈ ਕਿਸੇ ਗੜਬੜ ਕਾਰਨ ਚੈੱਕ ਇਨ ਤੇ ਬੋਰਡਿੰਗ ਫੀਚਰਜ਼ ਵਿੱਚ ਦਿੱਕਤ ਆ ਰਹੀ ਹੈ। ਇਸ ਕਾਰਨ ਕਈ ਯਾਤਰੀ ਏਅਰਪੋਰਟ ਉੱਤੇ ਹੀ ਫਸ ਕੇ ਰਹਿ ਗਏ। ਬਿਆਨ ਵਿੱਚ ਆਖਿਆ ਗਿਆ ਕਿ ਇਸ ਸਥਿਤੀ ਦਾ ਸਾਡੇ ਗਾਹਕਾਂ ਉੱਤੇ ਅਸਰ ਪੈ ਰਿਹਾ ਹੈ ਉਸ ਦਾ ਸਾਨੂੰ ਦੁੱਖ ਹੈ।

ਏਅਰਲਾਈਨ ਵੱਲੋਂ ਇਹ ਵੀ ਆਖਿਆ ਗਿਆ ਕਿ ਅਸੀਂ ਜਲਦ ਤੋਂ ਜਲਦ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਅਸੀਂ ਆਪਣੇ ਪੈਸੈਂਜਰਜ਼ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾ ਸਕੀਏ।

## ਦੱਖਣੀ ਓਨਟਾਰੀਓ ਵਿੱਚ ਬਰਫੀਲਾ ਤੂਫਾਨ ਆਉਣ ਦੀ ਚੇਤਾਵਨੀ

ਓਨਟਾਰੀਓ, 18 ਅਪਰੈਲ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਚੇਤਾਵਨੀ ਅਨੁਸਾਰ ਬਸੰਤ ਦੇ ਮੌਸਮ ਵਿੱਚ ਇੱਕ ਬਰਫੀਲਾ ਤੂਫਾਨ ਆਉਣ ਵਾਲਾ ਹੈ। ਇਸ ਨਾਲ ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਬਰਫਬਾਰੀ ਹੋਣ ਦੀ ਸੰਭਾਵਨਾ ਹੈ।

ਗ੍ਰੇਟਰ ਟੋਰਾਂਟੋ ਏਰੀਆ ਦੇ ਕਈ ਹਿੱਸਿਆਂ ਵਿੱਚ ਇਹ ਤੂਫਾਨ ਆਉਣ ਦੀ ਸੰਭਾਵਨਾ ਹੈ ਤੇ ਇਸ ਕਾਰਨ ਚਾਰ ਤੋਂ ਅੱਠ ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ। ਇਹ ਤੂਫਾਨ ਸੋਮਵਾਰ ਸ਼ਾਮ ਨੂੰ ਸ਼ੁਰੂ ਹੋ ਕੇ ਮੰਗਲਵਾਰ ਸਵੇਰ ਤੱਕ ਚੱਲ ਸਕਦਾ ਹੈ। ਟੋਰਾਂਟੋ ਤੇ ਨਾਇਗਰਾ ਰੀਜਨ ਵਿੱਚ ਇਸ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਪਰ ਇੱਥੇ ਟਾਵੀਆਂ ਥਾਂਵਾਂ ਉੱਤੇ ਬਰਫਬਾਰੀ ਹੋ ਸਕਦੀ ਹੈ। ਐਨਵਾਇਰਮੈਂਟ ਕੈਨੇਡਾ ਨੇ ਦੱਸਿਆ ਕਿ ਸੋਮਵਾਰ ਦੁਪਹਿਰ ਨੂੰ ਸ਼ੁਰੂਆਤ ਮੀਂਹ ਨਾਲ ਹੋਵੇਗੀ ਤੇ ਫਿਰ ਤਾਪਮਾਨ ਡਿੱਗਣ ਨਾਲ ਇਹ ਮੀਂਹ ਬਰਫਬਾਰੀ ਵਿੱਚ ਬਦਲ ਜਾਵੇਗਾ।



ਹੈਮਿਲਟਨ, ਗੁਐਲਫ, ਕਿਚਨਰ, ਬਲੂ ਮਾਊਨਟੇਨ, ਓਵਨ ਸਾਊਂਡ, ਸਾਰਨੀਆ ਤੇ ਹੈਨੋਵਰ ਵਿੱਚ ਹਰ ਘੰਟੇ ਤਿੰਨ ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ। ਮਾਰਖਮ, ਅਰੋਰਾ, ਨਿਊਮਾਰਕਿਟ, ਬੈਰੀ, ਰਿਚਮੰਡ ਹਿੱਲ, ਵਾਅਨ, ਜਾਰਜੀਨਾ, ਪਿੱਕਰਿੰਗ, ਓਸ਼ਵਾ ਤੇ ਉਕਸਬ੍ਰਿੱਜ ਲਈ ਵੀ ਵਿੰਟਰ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਇੱਥੇ ਅੱਠ ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ।

## ਐਨਡੀਪੀ ਉਮੀਦਵਾਰ ਨਵਜੀਤ ਕੌਰ ਬਰਾੜ ਨੇ ਖੋਲ੍ਹਿਆ ਕੈਂਪੇਨ ਆਫਿਸ

ਬਰੈਂਪਟਨ, 18 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵੈਸਟ ਤੋਂ ਐਨਡੀਪੀ ਦੀ ਐਮਪੀਪੀ ਉਮੀਦਵਾਰ ਨਵਜੀਤ ਕੌਰ ਬਰਾੜ ਵੱਲੋਂ ਚਿੰਗੁਐਕਸੀ ਰੋਡ, ਬਰੈਂਪਟਨ ਵਿਖੇ ਆਪਣਾ ਕੈਂਪੇਨ ਆਫਿਸ ਖੋਲ੍ਹਿਆ ਗਿਆ।

ਇਸ ਆਫਿਸ ਦੇ ਉਦਘਾਟਨ ਮੌਕੇ ਐਨਡੀਪੀ ਆਗੂ ਜਗਮੀਤ ਸਿੰਘ, ਐਮਪੀਪੀ ਗੁਰਰਤਨ ਸਿੰਘ, ਐਮਪੀਪੀ ਸਾਰਾ ਸਿੰਘ, ਬਰੈਂਪਟਨ ਸਾਊਥ ਤੋਂ ਉਮੀਦਵਾਰ ਐਂਡਰੀਆ ਬੈਰੇਟ, ਬਰੈਂਪਟਨ ਨੌਰਥ ਤੋਂ ਉਮੀਦਵਾਰ ਸੰਦੀਪ ਸਿੰਘ, ਡਫਰਿਨ ਕੇਲਡਨ ਉਮੀਦਵਾਰ ਟੈੱਸ ਪ੍ਰੈਂਡਰਗਾਸਟ ਮੌਜੂਦ ਸਨ। 500 ਲੋਕਾਂ ਦੀ ਹਾਜ਼ਰੀ ਵਿੱਚ ਇਸ ਆਫਿਸ ਦਾ ਉਦਘਾਟਨ ਕੀਤਾ ਗਿਆ। ਵੱਡੀ ਪੱਧਰ ਉੱਤੇ ਮਿਲੇ ਇਸ ਸਮਰਥਨ ਨਾਲ ਨਵਜੀਤ ਨੂੰ ਆਉਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਲੜਨ ਤੇ ਜਿੱਤਣ ਲਈ ਹੌਸਲਾ ਮਿਲੇਗਾ।



ਆਪਣੇ ਉਦਘਾਟਨੀ ਭਾਸ਼ਣ ਵਿੱਚ ਨਵਜੀਤ ਨੇ ਆਖਿਆ ਕਿ ਬਰੈਂਪਟਨ ਵਿੱਚ ਹੈਲਥਕੇਅਰ ਲਈ ਫੰਡਿੰਗ ਦੀ ਘਾਟ, ਹਾਊਸਿੰਗ ਤੇ ਆਟੋ ਇੰਸ਼ੋਰੈਂਸ ਰੇਟਸ ਵਿੱਚ ਬੇਇੰਤਿਹਾ ਵਾਧੇ ਵਰਗੇ ਮਸਲੇ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਦੀ ਲੋੜ ਹੈ ਤੇ ਉਹ ਅਜਿਹੇ ਅੜਿੱਕਿਆਂ ਨੂੰ ਖ਼ਤਮ ਕਰਕੇ ਬਿਹਤਰ ਬਰੈਂਪਟਨ ਦੇ ਨਿਰਮਾਣ ਲਈ ਰਾਹ ਪੱਧਰਾ ਕਰਨ ਵਾਸਤੇ ਉਪਰਾਲੇ ਕਰਨਗੇ। ਇਸ ਦੌਰਾਨ ਉਨ੍ਹਾਂ ਕਈ ਬਰੈਂਪਟਨ ਵਾਸੀਆਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਸਿਟੀ ਨੂੰ ਬਿਹਤਰ ਬਣਾਉਣ ਲਈ ਆਪਣਾ ਨਜ਼ਰੀਆ ਸਾਂਝਾ ਕੀਤਾ। ਉਨ੍ਹਾਂ 2 ਜੂਨ ਨੂੰ ਚੋਣਾਂ ਵਾਲੇ ਦਿਨ ਸਾਰਿਆਂ ਨੂੰ ਵੋਟ ਪਾਉਣ ਦਾ ਸੱਦਾ ਵੀ ਦਿੱਤਾ।

## ਟਰੇਨ ਟਰੈਕ ਉੱਤੇ ਮਹਿਲਾ ਨੂੰ ਧੱਕਾ ਦੇਣ ਵਾਲੀ ਔਰਤ ਗ੍ਰਿਫਤਾਰ

ਟੋਰਾਂਟੋ, 18 ਅਪਰੈਲ (ਪੋਸਟ ਬਿਊਰੋ) : ਬਲੂਅਰ-ਯੰਗ ਸਬਵੇਅ ਸਟੇਸ਼ਨ ਦੇ ਟਰੈਕ ਉੱਤੇ ਐਤਵਾਰ ਨੂੰ ਇੱਕ ਮਹਿਲਾ ਵੱਲੋਂ ਦੂਜੀ ਨੂੰ ਧੱਕਾ ਦੇਣ ਦੇ ਮਾਮਲੇ ਵਿੱਚ ਇੱਕ ਔਰਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਸਬਵੇਅ ਸਟੇਸ਼ਨ ਦੇ ਪੱਛਮ ਵਾਲੇ ਪਲੇਟਫਾਰਮ ਉੱਤੇ ਇੱਕ ਮਹਿਲਾ ਵੱਲੋਂ 39 ਸਾਲਾ ਮਹਿਲਾ ਨੂੰ ਧੱਕਾ ਦੇਣ ਤੋਂ ਕੁੱਝ ਸੈਕਿੰਡ ਬਾਅਦ ਹੀ ਰੇਲਗੱਡੀ ਪਹੁੰਚ ਗਈ ਜਿਸ ਕਾਰਨ ਟਰੈਕ ਉੱਤੇ ਡਿੱਗੀ ਮਹਿਲਾ ਫਟਾਫਟ ਉੱਠ ਕੇ ਪਲੇਟਫਾਰਮ ਦੇ ਨਾਲ ਲੱਗ ਕੇ ਖੜ੍ਹੀ ਹੋ ਗਈ ਤੇ ਉਸ ਨੂੰ ਵੱਡੀ ਸੱਟ ਲੱਗਣ ਤੋਂ ਬਚਾਅ ਹੋ ਗਿਆ। ਫਿਰ ਵੀ ਉਸ ਨੂੰ ਕਾਫੀ ਸੱਟ ਲੱਗੀ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਦੀ ਜਾਣਕਾਰੀ



ਪੁਲਿਸ ਨੂੰ ਦਿੱਤੀ ਗਈ। ਇਸ ਤੋਂ ਤੁਰੰਤ ਬਾਅਦ ਐਮਰਜੰਸੀ ਅਮਲਾ ਰਾਤੀਂ 9:00 ਵਜੇ ਮੌਕੇ ਉੱਤੇ ਪਹੁੰਚਿਆ। ਜਿਸ ਮਹਿਲਾ ਨੇ ਇਸ ਕਾਰੇ ਨੂੰ ਅੰਜਾਮ ਦਿੱਤਾ ਸੀ ਉਹ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਈ। ਪਰ ਸੋਮਵਾਰ ਨੂੰ ਨੌਰਥ ਯੌਰਕ ਦੇ ਫਿੰਚ ਗੋ ਸਟੇਸ਼ਨ ਉੱਤੇ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਇਸ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਸ ਮਹਿਲਾ ਦੀ ਪਛਾਣ ਪੁਲਿਸ ਵੱਲੋਂ ਟੋਰਾਂਟੋ ਦੀ 45 ਸਾਲਾ ਐਡਿਥ ਫਰੇਅਨ ਵਜੋਂ ਕੀਤੀ ਗਈ ਹੈ। ਉਸ ਉੱਤੇ ਕਤਲ ਦੀ ਕੋਸ਼ਿਸ਼ ਕਰਨ ਦੇ ਚਾਰਜ ਲਾਏ ਗਏ ਹਨ ਤੇ ਉਸ ਨੂੰ ਮੰਗਲਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਫਰੇਨ ਤੇ ਜਿਸ ਮਹਿਲਾ ਨੂੰ ਟਰੈਕ ਉੱਤੇ ਧੱਕਾ ਦਿੱਤਾ ਗਿਆ ਉਹ ਇੱਕ ਦੂਜੇ ਨੂੰ ਜਾਣਦੀਆਂ ਸਨ ਜਾਂ ਨਹੀਂ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs • New Security Camera System
• Many Recent Upgrades To Rooms • Plan Approved For Additional Unit
RAJ HANDA Broker of Record
DIR: 647-545-5228
OFF: 905-457-4588
SAVE MAX GLOBAL REALTY

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan
Certified Instructor
Cell: 416 726 6206 Tel: 905 405 0001

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਅਸਲ ਵਿਸਾਖੀ ਦਾ ਮਕਸਦ ਮਜ਼ਲੂਮਾਂ-ਬੇਇਨਸਾਫ਼ੀ ਤੇ ਧੱਕੇਸ਼ਾਹੀ ਲਈ ਅਵਾਜ਼ ਬੁਲੰਦ ਕਰਨਾ ਹੈ: ਜਗਮੀਤ ਸਿੰਘ

ਬਰੈਂਪਟਨ (ਕੈਨੇਡਾ), 18 ਅਪ੍ਰੈਲ (ਸੁਰਜੀਤ ਸਿੰਘ ਫਲੋਰਾ)- 13 ਅਪ੍ਰੈਲ ਨੂੰ ਨਾਨਕਸਰ ਟਿੰਬਰਲੇਨ ਬਰੈਂਪਟਨ ਵਿਖੇ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਤੇ ਵਿਸਾਖੀ ਦਾ ਦਿਹਾੜਾ ਸੰਗਤਾਂ ਵਲੋਂ ਬਹੁਤ ਸ਼ਰਧਾ ਨਾਲ ਮਨਾਇਆ ਗਿਆ।

ਗੁਰਦੁਆਰਿਆਂ 'ਚ ਜਿੱਥੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਸਬੰਧੀ ਦਿਵਾਨ ਸਜਾਏ ਗਏ, ਉੱਥੇ ਹੀ ਕਥਾਂ ਵਾਚਿਕਾ ਵਲੋਂ ਵਿਸ਼ਾਖੀ ਖਾਲਸਾ ਸਾਜਨਾ ਦਿਵਸ ਵਾਰੇ ਕਲਗੀਧਰ ਪਾਤਿਸ਼ਾਹ ਵਾਰੇ ਵਾਰਤਾ ਸਾਂਝਿਆ ਕੀਤੀਆਂ ਗਇਆ ਅਤੇ ਰਾਗੀ ਸਿੰਘਾਂ ਵਲੋਂ ਕੀਰਤਨ ਅਤੇ ਢਾਡੀ ਜਥਿਆਂ ਵਲੋਂ ਖਾਲਸੇ ਦੀ ਉਪਮਾ ਕਰਦੀਆਂ ਵਾਰਾਂ ਨਾਲ ਹਾਜ਼ਰੀ ਲਵਾਈ ਗਈ।

ਇਸ ਦੇ ਨਾਲ ਹੀ ਕੈਨੇਡਾ ਦੇ ਸਾਡੇ ਭਾਰਤੀ ਪੰਜਾਬੀ ਐਮ ਪੀ ਅਤੇ ਲੀਡਰਾਂ ਵਲੋਂ ਵੀ ਗੁਰੂਘਰਾ ਵਿਖੇ ਪਹੁੰਚ ਕੇ ਭਾਈਚਾਰੇ ਨੂੰ ਖਾਲਸੇ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ। ਜਿਹਨਾਂ ਵਿਚ ਐਨ ਡੀ ਪੀ ਪਾਰਟੀ ਕੈਨੇਡਾ ਦੇ ਲੀਡਰ ਜਗਮੀਤ ਸਿੰਘ ਗੁਰੂਘਰ ਨਾਨਕਸਰ ਟਿੰਬਰਲੇਨ ਤੇ ਪਹੁੰਚੇ , ਜਿਥੇ ਉਹਨਾਂ ਨੇ ਸੰਗਤਾਂ ਨੂੰ ਵਿਸਾਖੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਖਾਲਸਾ ਜੋ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋਇਆ ਤੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਸਫ਼ਰ ਤਹਿ ਕਰਕੇ ਹੋਏ ਹੋਂਦ ਵਿਚ ਆਇਆਂ, ਪਰ ਅਸਲ ਵਿਸਾਖੀ ਖਾਲਸਾ ਸਿਰਜਨ ਦਾ ਮਕਸਦ ਇਹ ਸੀ ਕਿ ਜਿਥੇ ਕਿਸੇ ਨਾਲ ਵੀ ਧੱਕੇ ਸ਼ਾਹੀ ਹੁੰਦੀ ਹੈ, ਉਥੇ ਜਾ ਕੇ ਮੰਦਦ ਕਰਨੀ, ਜਿਥੇ ਬੇਇਨਸਾਫ਼ੀ ਹੋਵੇਂ, ਉਥੇ ਜਾ ਕੇ ਮਦਦ ਕਰਨੀ, ਖਾਲਸੇ ਦਾ ਇਹੋ ਜਿਹਾ ਰੂਪ ਬਣਾਇਆ, ਕੇ ਕੋਈ ਵੀ ਸਾਬਿਤ ਸੂਰਤ ਸਿੱਖ ਨੂੰ ਦੇਖੇਗਾ ਤੇ ਉਸ ਨੂੰ ਪਤਾ ਚੱਲ ਜਾਏਗਾ ਕਿ ਉਹ ਤੁਹਾਡੇ ਹੱਕਾਂ ਲਈ ਤੁਹਾਡੇ ਨਾਲ ਖੜ੍ਹੇ ਹੋਣਗੇ। ਉਹਨਾਂ ਅੱਗੇ ਬੋਲਦੇ ਹੋਏ ਕਿਹਾ ਕਿ ਅੱਜ ਜਦੋਂ ਅਸੀਂ ਖਾਲਸਾ ਦਿਵਸ , ਵਿਸ਼ਾਖੀ ਮਨਾਉਂਦੇ ਹਾਂ ਤਾਂ ਸਾਨੂੰ ਇਸ ਗੱਲ ਨੂੰ ਸਦਾ ਯਾਦ ਰੱਖਣਾ ਚਾਹਿੰਦਾ ਹੈ ਕਿ ਅਸਲ ਵਿਸਾਖੀ ਦਾ ਮਤਲਬ ਕੀ ਹੈ ? ਇਸ ਲਈ ਹਮੇਸ਼ਾ ਯਾਦ ਰੱਖੋ, ਜਿਥੇ ਵੀ ਤੁਸੀਂ ਦੇਖਦੇ ਹੋ ਕਿ ਕਿਸੇ ਨਾਲ ਬੇਇਨਸਾਫ਼ੀ , ਧੱਕਾ ਹੋ ਰਿਹਾ ਹੈ ਉਸ ਲਈ ਅਵਾਜ਼ ਉਠਾਉ, ਉਸ ਦੀ ਮਦਦ ਕਰੋ, ਤਾਂ ਹੀ ਅਸਲ ਵਿਸਾਖੀ ਖਾਲਸਾ ਦਿਵਸ ਸਾਜਨਾ ਦਾ ਅਸਲ ਮਕਸਦ ਪੂਰਾ ਹੋਵੇਗਾ। ਉਹਨਾਂ ਅੱਗੇ ਬੋਲਦੇ ਹੋਏ ਇਹ ਵੀ ਕਿਹਾ ਕਿ ਅਸੀਂ ਹਰ ਰੋਜ਼ ਅਰਦਾਸ ਵਿਚ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਾਂ ਨਾ ਕਿ ਸਿਰਫ ਸਿੱਖ, ਜਾਂ ਪੰਜਾਬੀਆਂ ਲਈ ਜਾਂ ਭਾਰਤੀਆਂ ਲਈ, ਗੁਰੂ ਸਾਹਿਬ ਸਭ ਦੇ ਸਾਂਝੇ ਹਨ , ਤੇ ਸਿੱਖ ਸਦਾ ਸਭ ਲਈ ਬਿੰਨਾ ਕਿਸੇ ਊਚ ਨੀਚ, ਜਾਤ ਪਾਤ, ਰੂਪ ਰੰਗ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਹੈ।







ਇਸ ਦੇ ਨਾਲ ਹੀ ਬਰੈਂਪਟਨ ਸਾਊਥ ਤੋਂ ਐਮ ਪੀ ਸੋਨੀਆਂ ਸਿੱਧੂ ਅਤੇ ਪ੍ਰਭਮੀਤ ਸਰਕਾਰੀਆਂ ਜੋ ਉਨਟੈਰਿਉ ਦੇ ਟਰਜ਼ਰੀ ਬੋਰਡ ਦੇ ਪ੍ਰਧਾਨ ਹਨ ਨੇ ਗੁਰੂ ਘਰ ਨਾਨਕਸਰ ਪਹੁੰਚ ਕੇ ਸਭ ਸਿੱਖ ਭਾਈਚਾਰੇ ਨੂੰ ਖਾਲਸਾ ਦਿਵਸ ਦੀ ਆਪਣੇ ਅਤੇ ਆਪਣੀ ਫੋਰਡ ਸਰਕਾਰ ਵਲੋਂ ਬਹੁਤ ਬਹੁਤ ਵਧਾਈ ਦਿੱਤੀ।

ਆਖਿਰ ਤੇ ਗੁਰੂਘਰ ਵਲੋਂ ਇਹਨਾਂ ਜਗਮੀਤ ਸਿੰਘ , ਸੋਨੀਆਂ ਸਿੱਧੂ ਅਤੇ ਪ੍ਰਭਮੀਤ ਸਿੰਘ ਸਰਕਾਰੀਆਂ ਨੂੰ ਲੋਇਆਂ ਦੇ ਕੇ ਗੁਰੂਘਰ ਪਹੁੰਣ ਤੇ ਸਵਾਗਤ ਕੀਤਾ ਗਿਆ।

## ਉਦੇਕਰਨ ਵਿਖੇ ਅੱਗ ਨਾਲ ਪੰਜ ਏਕੜ ਕਣਕ ਸੜੀ

ਸ੍ਰੀ ਮੁਕਤਸਰ ਸਾਹਿਬ, 18 ਅਪ੍ਰੈਲ (ਪੋਸਟ ਬਿਊਰੋ)- ਕੋਟਕਪੂਰਾ ਰੋਡ ਦੇ ਭਾਈ ਮਹਾਂ ਸਿੰਘ ਕਾਲਜ ਦੇ ਪਿਛਲੇ ਪਾਸੇ ਪਿੰਡ ਉਦੇਕਰਨ ਦੇ ਰਕਬੇ ਵਿੱਚ ਅੱਗ ਲੱਗਣ ਕਾਰਨ ਪੰਜ ਏਕੜ ਫ਼ਸਲ ਸੜ ਜਾਣ ਦੀ ਖਬਰ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਫ਼ਸਲ ਪਿੰਡ ਉਦੇਕਰਨ ਦੇ ਵਾਸੀ ਗੁਰਚਰਨ ਸਿੰਘ ਦੀ ਸੀ। ਗੁਰਚਰਨ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੇ ਇਹ ਜ਼ਮੀਨ ਠੇਕੇ ਉੱਤੇ ਲੈ ਕੇ ਕਣਕ ਦੀ ਖੇਤੀ ਕੀਤੀ ਸੀ ਜਿਸ ਨੂੰ ਅੱਗ ਲੱਗ ਗਈ ਅਤੇ ਲੱਗਭਗ ਪੰਜ ਏਕੜ ਫ਼ਸਲ ਸੜ ਗਈ ਹੈ। ਉਸ ਨੇ ਦੱਸਿਆ ਕਿ ਉਸ ਦਾ ਆਰਥਿਕ ਪੱਧਰ ਉੱਤੇ ਵੱਡਾ ਨੁਕਸਾਨ ਹੋਇਆ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਨੂੰ ਮਦਦ ਦੀ ਗੁਹਾਰ ਲਗਾਈ ਹੈ।



















## ਅੱਜ ਨਾਮਾ >>

ਝੋਨਾ ਲਾਉਣ ਦਾ ਆ ਗਿਆ ਵਕਤ ਨੇੜੇ,
ਲੱਗ ਪਈ ਹੋਣ ਆ ਫੇਰ ਵਿਚਾਰ ਮੀਆਂ।
ਪਾਣੀ ਪੀਂਦੀ ਇਹ ਫਸਲ ਹੈ ਓੜਕਾਂ ਦਾ,
ਪੌਣ-ਪਾਣੀ ਦੇ ਲਈ ਡਾਢਾ ਭਾਰ ਮੀਆਂ।
ਧਰਤ ਹੇਠ ਵੀ ਹੋਵੇ ਪਿਆ ਖਤਮ ਪਾਣੀ,
ਜਿਸ ਦਾ ਮੁੱਕਣ ਨਾ ਹੋਏ ਸਹਾਰ ਮੀਆਂ।
ਲੱਗਣ ਮੀਟਿੰਗਾਂ, ਰਾਹ ਨਹੀਂ ਕੋਈ ਲੱਭੇ,
ਪਹੁੰਚਦੀ ਗੱਲ ਨਾ ਆਰ ਤੇ ਪਾਰ ਮੀਆਂ।
ਪੀ-ਪੀ ਪਾਣੀ ਜਦ ਝੋਨੇ ਦੀ ਫਸਲ ਪੱਕੇ,
ਦੂਸਰੇ ਰਾਜਾਂ ਦੇ ਲੋਕ ਇਹ ਖਾਣ ਮੀਆਂ।
ਜਿਹੜੀ ਫਸਲ ਨਾ ਅਸਾਂ ਨੇ ਨਿੱਤ ਖਾਣੀ,
ਸਾਡੀ ਧਰਤ ਦਾ ਕਰੇ ਉਹ ਘਾਣ ਮੀਆਂ।

**ਤੀਸ ਮਾਰ ਖਾਂ**

# ਤਨਮਨਜੀਤ ਢੇਸੀ ਨਾਲ ਭਗਵੰਤ ਮਾਨ ਦੀ ਮੁਲਾਕਾਤ ਤੋਂ ਭਾਜਪਾ ਅਤੇ ਆਪ ਵਿਚਾਲੇ ਟਕਰਾਅ

* ਭਾਜਪਾ ਨੇ ਮੀਟਿੰਗ ਨੂੰ ਆਪ ਪਾਰਟੀ ਦਾ ਭਾਰਤ ਵਿਰੋਧੀ ਰੁਖ ਕਿਹਾ * ਆਪ ਵਾਲਿਆਂ ਨੇ ਵਿਰੋਧ ਕਰਨ ਨੂੰ ਭਾਜਪਾ ਦਾ ਦੋਗਲਾਪਣ ਆਖਿਆ

ਚੰਡੀਗੜ੍ਹ, 18 ਅਪਰੈਲ, (ਪੋਸਟ ਬਿਊਰੋ)- ਪਿਛਲੇ ਐਤਵਾਰ ਬ੍ਰਿਟੇਨ ਦੇ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਬੈਠਕਦਾ ਵਿਰੋਧ ਕਰ ਕੇ ਭਾਜਪਾ ਕਸੂਤੀ ਫਸ ਗਈ ਹੈ।

ਵਰਨਣ ਯੋਗ ਹੈ ਕਿ ਭਾਜਪਾ ਆਗੂ ਤੇ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਜੇ ਜੇ ਸਿੰਘ ਨੇ ਭਗਵੰਤ ਮਾਨ ਦੇ ਨਾਲ ਤਨਮਨਜੀਤ ਢੇਸੀਦੀ ਮੀਟਿੰਗ ਮਗਰੋਂ ਕਿਹਾ ਸੀ ਕਿ ਆਮ ਆਦਮੀ ਪਾਰਟੀ ਨੂੰ ਦੱਸਣਾ ਚਾਹੀਦਾ ਹੈ ਕਿ ਕੀ ਇਹ ਪਾਰਟੀ ਬ੍ਰਿਟਿਸ਼ ਆਗੂ ਦੇ ਵੱਖਵਾਦੀ ਤੇ ਭਾਰਤ ਵਿਰੋਧੀ ਵਿਚਾਰਾਂ ਦੀ ਸਮੱਰਥਕ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਤਨਮਨਜੀਤ ਸਿੰਘ ਢੇਸੀ ਦੀ ਬੈਠਕ ਬਾਰੇਆਮ ਆਦਮੀ ਪਾਰਟੀ ਤੋਂ ਸਫਾਈ ਮੰਗੀਅਤੇ ਤਨਮਨਜੀਤ ਸਿੰਘ ਢੇਸੀ ਉੱਤੇ ਭਾਰਤ ਵਿਰੁੱਧ ਸਟੈਂਡ ਰੱਖਣ ਦੇ ਦੋਸ਼ ਲਾਏ ਸਨ। ਅੱਜ ਆਮ ਆਦਮੀ ਪਾਰਟੀ ਨੇ ਪਲਟਵਾਰ ਕੀਤਾ ਹੈ।

ਆਮ ਆਦਮੀ ਪਾਰਟੀ ਨੇ ਅੱਜ ਸੋਸ਼ਲ ਮੀਡੀਆ ਉੱਤੇ ਪੁਰਾਣੀਆਂ ਫੋਟੋ ਪਾਈਆਂ ਹਨ, ਜਿਨ੍ਹਾਂਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇਭਾਜਪਾ ਦੇ ਕੇਂਦਰੀ ਮੰਤਰੀਵੀ ਤਨਮਨਜੀਤ ਸਿੰਘ ਢੇਸੀਨਾਲ ਬੈਠਕਾਂ ਕਰ ਰਹੇ ਹਨ।ਇਹ ਫੋਟੋ ਪੇਸ਼ ਕਰ ਕੇ ਆਮ ਆਦਮੀ ਪਾਰਟੀ ਨੇ ਕਿਹਾਕਿ ਇਸ ਤੋਂ ਭਾਜਪਾ ਦਾ ਦੋਗਲਾ ਚਿਹਰਾ ਨੰਗਾ ਹੁੰਦਾ ਹੈ। ਆਮ ਆਦਮੀ ਪਾਰਟੀ ਦੇ ਆਗੂ ਨੀਲ ਗਰਗ ਨੇ ਟਵਿਟਰ ਉੱਤੇ ਫੋਟੋਪਾ ਕੇ ਲਿਖਿਆ: 'ਬੀ ਜੇ ਪੀ ਦਾ ਦੋਗਲਾ ਚਿਹਰਾ!! ਭਗਵੰਤ ਮਾਨ ਦਾ ਢੇਸੀ ਨੂੰ ਮਿਲਣਾ ਗ਼ਲਤ, ਭਾਜਪਾ ਦੇ



ਮੰਤਰੀ ਮਿਲਣ ਤਾਂ ਠੀਕ, ਵਾਹ ਵਈ ਵਾਹ!!!!'

ਵਰਨਣ ਯੋਗ ਹੈ ਕਿ ਬ੍ਰਿਟੇਨ ਦੀ ਲੇਬਰ ਪਾਰਟੀ ਦੇ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਬੀਤੇ ਹਫ਼ਤੇ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ ਅਤੇ ਇਸਪਿੱਛੋਂਉਸ ਨੇ ਟਵੀਟ ਕੀਤਾ ਸੀ, "ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨਦਾ ਧੰਨਵਾਦੀ ਹਾਂ, ਜਿਨ੍ਹਾ ਨੇ ਮੇਰਾ ਚੰਡੀਗੜ੍ਹ ਵਾਲੇ ਨਿਵਾਸ ਉੱਤੇ ਸਵਾਗਤ ਕੀਤਾ। ਅਸੀਂ ਦੋਵਾਂ ਨੇਆਸਾਂ, ਚਿੰਤਾਵਾਂ ਤੇ ਪੰਜਾਬ ਦੀ ਤਰੱਕੀ ਦੇਖਣ ਦੀ ਇੱਛਾ ਬਾਰੇ ਲੰਮੀ ਚਰਚਾ ਕੀਤੀ। ਉਸਨੇ ਮੈਨੂੰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਦਾ ਭਰੋਸਾ ਦਿੱਤਾ।" ਉਸ ਦੇ ਬਾਅਦ ਇਸ ਉੱਤੇ ਟਿੱਪਣੀ ਕਰਦਿਆਂ ਭਾਰਤੀ ਫੌਜ ਦੇ ਸਾਬਕਾ ਮੁਖੀ ਤੇ ਭਾਜਪਾ ਆਗੂ ਜਨਰਲ ਜੇਜੇ ਸਿੰਘ ਨੇ ਕਿਹਾ, 'ਬਹੁਤ ਮੰਦਭਾਗਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੇਬਰ ਪਾਰਟੀ ਦੇ ਪਾਰਲੀਮੈਂਟ ਮੈਂਬਰ ਢੇਸੀ ਦਾ ਸਵਾਗਤ ਕਰਨ ਲਈ ਵਾਧੂ ਮੀਲ ਜਾ ਰਹੀ ਹੈ, ਜਿਸ ਦੇ ਵਿਚਾਰ ਵੱਖਵਾਦੀ ਅਤੇ ਭਾਰਤ ਵਿਰੋਧੀ ਹਨ।ਆਪ ਪਾਰਟੀ ਨੇ ਦੇਸ਼ ਨੂੰ ਸਪੱਸ਼ਟੀਕਰਨ ਦੇਣਾ ਹੈ ਕਿ ਕੀ ਉਹ ਕਸ਼ਮੀਰ ਤੇ ਹੋਰ ਮਾਮਲਿਆਂ ਉੱਤੇ ਉਸ ਦੇ ਵਿਚਾਰਾਂ ਦਾ ਸਮੱਰਥਨ ਕਰਦੀ ਹੈ, ਜੋ ਸਾਡੇ ਦੇਸ਼ ਦੇ ਵਿਰੁੱਧ ਹਨ।' ਉਨ੍ਹਾ ਇਹ ਵੀ ਕਿਹਾ ਕਿ ਭਗਵੰਤ ਮਾਨ ਨੂੰ ਦੱਸਣਾ ਚਾਹੀਦਾ ਹੈ ਕਿ ਤਨਮਨਜੀਤ ਸਿੰਘ ਢੇਸੀ ਨਾਲ ਮੀਟਿੰਗ ਵਿੱਚ ਕੀ ਹੋਇਆਤੇ ਪੰਜਾਬ ਸਰਕਾਰ ਨੇ ਉਸ ਨਾਲ ਕੀ ਵਾਅਦੇ ਕੀਤੇ ਹਨ, ਕਿਉਂਕਿ ਤਨਮਨਜੀਤ ਸਿੰਘ ਢੇਸੀ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰਨ ਦਾ ਵਿਰੋਧ ਕੀਤਾ ਸੀ।

ਤਨਮਨਜੀਤ ਸਿੰਘ ਢੇਸੀ ਨੇ ਭਾਜਪਾ ਆਗੂ ਨੂੰ ਜਵਾਬ ਦਿੱਤਾ ਅਤੇ ਕਿਹਾ ਕਿ ਮੈਂ ਕਦੇ ਕੋਈ ਭਾਰਤੀ ਵਿਰੋਧੀ ਗੱਲ ਨਹੀਂ ਕੀਤੀ ਤੇ ਮੇਰੇ ਸਾਰੇ ਬਿਆਨ ਸੋਸ਼ਲ ਮੀਡੀਆ ਉੱਤੇ ਹਨ। ਉਨ੍ਹਾਂ ਕਿਹਾ ਕਿ ਸ਼ਰਾਰਤੀ ਲੋਕ ਬੇਵਜ੍ਹਾ ਦਾ ਮੁੱਦਾ ਬਣਾ ਰਹੇ ਹਨ। ਭਾਜਪਾ ਨੇ ਢੇਸੀ ਦੇ ਪੰਜਾਬ ਦੌਰੇ ਉੱਤੇ ਸਵਾਲ ਚੁੱਕੇ ਸੀ।ਇਸ ਦੇ ਬਾਅਦ ਭਾਜਪਾ ਚੁੱਪ ਹੋ ਗਈ ਹੈ।

## ਨਵਾਜ਼ ਸ਼ਰੀਫ ਨੂੰ ਡਿਪਲੋਮੈਟਿਕ ਪਾਸਪੋਰਟ ਦੇਣਤੋਂ ਹਾਈ ਕੋਰਟ ਨੇ ਰੋਕ ਲਾਈ

ਇਸਲਾਮਾਬਾਦ, 18 ਅਪਰੈਲ, (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਨੇ ਸੋਮਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਡਿਪਲੋਮੈਟਿਕ ਪਾਸਪੋਰਟ ਦੇਣ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਹਫ਼ਤੇ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਮਗਰੋਂ ਸ਼ਾਹਬਾਜ਼ ਸ਼ਰੀਫ਼ ਨੇ ਆਪਣੇ ਸਕੇ ਭਰਾ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਡਿਪਲੋਮੈਟਿਕ ਪਾਸਪੋਰਟ ਜਾਰੀ ਕਰਨ ਦਾ ਹੁਕਮ ਦਿੱਤਾ ਸੀ ਤੇ ਖ਼ਬਰ ਸੀ ਕਿ ਨਵਾਜ਼ ਸ਼ਰੀਫ਼ ਈਦ ਪਿੱਛੋਂ ਪਾਕਿਸਤਾਨ ਪਰਤਣਗੇ। ਪਾਕਿਸਤਾਨ ਦੀ ਨਵੀਂ ਸਰਕਾਰ ਨੇ ਗ੍ਰਹਿ ਮੰਤਰਾਲੇ ਨੂੰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਸਾਬਕਾ ਵਿੱਤ ਮੰਤਰੀ ਇਸਹਾਕ ਡਾਰ ਦੇ ਪਾਸਪੋਰਟ ਰੀਨਿਊ ਕਰਨ ਲਈ ਕਿਹਾਅਤੇ ਲੰਡਨ ਵਿਚਲੇ ਪਾਕਿਸਤਾਨ ਹਾਈ ਕਮਿਸ਼ਨ ਨੂੰ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਨੇਤਾਵਾਂ ਦੇ ਪਾਸਪੋਰਟਾਂ ਦੇ ਰੀਨਿਊ ਕਰਨ ਦਾ ਹੁਕਮ ਹੋਇਆ ਸੀ। ਨਵਾਜ਼ ਸ਼ਰੀਫ ਦੇ ਪਾਸਪੋਰਟ ਦੀ ਮਿਆਦ ਫਰਵਰੀ ਵਿੱਚ ਖ਼ਤਮ ਹੋਈ ਸੀ ਤੇ ਇਮਰਾਨ ਖਾਨ ਦੀ ਸਰਕਾਰ ਨੇ ਉਨ੍ਹਾਂ ਦਾ ਪਾਸਪੋਰਟ ਰੀਨਿਊਕਰਨ ਤੋਂ ਨਾਂਹ ਕਰ ਦਿੱਤੀ ਸੀ, ਪਰ ਦੇਸ਼ ਦੀ ਨਵੀਂ ਸਰਕਾਰ ਬਣਨ ਪਿੱਛੋਂ ਨਵਾਜ਼ ਸ਼ਰੀਫ ਦੇ ਪਾਕਿਸਤਾਨ ਪਰਤਣ ਦੀ ਸੰਭਾਵਨਾ ਵਧ ਗਈ ਹੈ।

ਸਾਲ 2017 ਵਿੱਚ ਸੁਪਰੀਮ ਕੋਰਟ ਨੇ ਪਨਾਮਾ ਪੇਪਰਜ਼ ਕੇਸਵਿੱਚ 72 ਸਾਲਾ ਨਵਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਅਯੋਗ ਕਰਾਰ ਦਿੱਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਰਕਾਰ ਨੇ ਨਵਾਜ਼ ਸ਼ਰੀਫ ਉੱਤੇ ਭ੍ਰਿਸ਼ਟਾਚਾਰ ਦੇ ਕਈ ਕੇਸ ਚਲਾਏ ਸਨ। ਸਾਲ 2019 ਵਿੱਚ ਉਸ ਨੂੰ ਇਲਾਜ ਲਈ ਵਿਦੇਸ਼ ਜਾਣ ਵਾਸਤੇ ਲਾਹੌਰ ਹਾਈ ਕੋਰਟ ਤੋਂ ਚਾਰ ਹਫ਼ਤਿਆਂ ਲਈ ਇਜਾਜ਼ਤ ਮਿਲ ਗਈ ਤਾਂ 2019 ਵਿੱਚ ਲੰਡਨ ਗਏ ਨਵਾਜ਼ ਸ਼ਰੀਫ ਫਿਰ ਕਦੀ ਆਪਣੇ ਦੇਸ਼ ਨਹੀਂ ਸਨ ਪਰਤੇ ਅਤੇ ਇਮਰਾਨ ਖਾਨ ਦੀ ਸਰਕਾਰ ਟੁੱਟਣ ਦੇ ਬਾਅਦ ਮੁੜਨ ਵਾਲੇ ਹਨ।

## ਲਖੀਮਪੁਰ ਖੀਰੀ ਕੇਸ ਵਿਚ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਸੁਪਰੀਮ ਕੋਰਟ ਵੱਲੋਂ ਰੱਦ, ਫਿਰ ਜੇਲ੍ਹ ਜਾਣਾ ਪਵੇਗਾ

* ਆਤਮ ਸਮੱਰਪਣ ਕਰਨ ਲਈ ਇੱਕ ਹਫਤੇ ਦੇ ਸਮਾਂ ਮਿਲਿਆ

ਨਵੀਂ ਦਿੱਲੀ, 18 ਅਪਰੈਲ, (ਪੋਸਟ ਬਿਊਰੋ)- ਪਿਛਲੇ ਸਾਲ ਕਿਸਾਨ ਸੰਘਰਸ਼ ਵੇਲੇ ਹੋਏ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਸੁਪਰੀਮ ਕੋਰਟ ਨੇ ਅੱਜ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰ ਦਿੱਤੀ ਅਤੇ ਇਲਾਹਾਬਾਦ ਹਾਈ ਕੋਰਟ ਦਾਜ਼ਮਾਨਤ ਦੇਣ ਦਾ ਫ਼ੈਸਲਾ ਪਲਟਦੇ ਹੋਏ ਕਿਹਾ ਕਿ ਹਾਈ ਕੋਰਟ ਨੇ ਫੈਸਲਾ ਦੇਂਦੇ ਸਮੇਂ ਪੀੜਤ ਧਿਰ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਇਸ ਮੌਕੇਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਇੱਕ ਹਫ਼ਤੇ ਅੰਦਰ ਆਤਮ ਸਮੱਰਪਣ ਕਰਨ ਨੂੰ ਕਿਹਾ ਹੈ, ਜਿਸ ਨਾਲ ਕੇਂਦਰੀ ਮੰਤਰੀ ਅਜੇ ਕੁਮਾਰ ਮਿਸ਼ਰਾ ਦੇ ਪੁੱਤਰ ਆਸ਼ੀਸ਼ ਦੀ ਮੁਸ਼ਕਲ ਵਧ ਗਈ ਹੈ।

ਵਰਨਣ ਯੋਗ ਹੈ ਕਿ ਲਖੀਮਪੁਰ ਹਿੰਸਾ ਓਦੋਂ ਹੋਈ ਸੀ, ਜਦੋਂ ਕਿਸਾਨ ਭਾਰਤ ਦੀ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਸਨ ਤੇ ਇਹ ਪ੍ਰਦਰਸ਼ਨ ਲਖੀਮਪੁਰ ਵਿੱਚ ਵੀ ਹੋ ਰਹੇ ਸਨ। ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਹਲਕੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਕੁਮਾਰ ਮਿਸ਼ਰਾ ਨੇ ਆਪਣੇ ਪਿੰਡ ਇੱਕ ਸਮਾਗਮ ਲਈ ਆਉਣਾ ਸੀ ਤਾਂ ਕੁਝ ਕਿਸਾਨ ਉਸ ਦੇ ਵਿਰੁੱਧ ਪ੍ਰਦਰਸ਼ਨ ਕਰਨ ਸੜਕ ਉੱਤੇ ਖੜੇ ਸਨ। ਇਸ ਮੌਕੇਕੇਂਦਰੀ ਮੰਤਰੀ ਅਜੇ ਕੁਮਾਰ ਮਿਸ਼ਰਾ ਦੇ ਪੁੱਤਰ ਆਸ਼ੀਸ਼ ਨੇ ਜੀਪ ਲਿਆ ਕੇ ਓਥੇ ਖੜੇ ਕਿਸਾਨਾਂ ਵਿੱਚ ਮਾਰੀ ਅਤੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਕੁਚਲਣ ਤੇ ਗੋਲੀਆਂ ਮਾਰਨ ਪਿੱਛੋਂ ਫਰਾਰ ਹੋ ਗਿਆ ਸੀ। ਇਸ ਘਟਨਾ ਪਿੱਛੋਂ ਗੁੱਸੇ ਵਿੱਚ ਆਏ ਕਿਸਾਨਾਂ ਨੇਇੱਕ ਡਰਾਈਵਰ ਅਤੇ ਦੋ ਭਾਜਪਾ ਵਰਕਰਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ।

ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਐੱਸ ਆਈ ਟੀਬਣਵਾਈ ਸੀ ਜਿਸ ਨੇ 5000 ਸਫੇ ਦੀ ਚਾਰਜਸ਼ੀਟ ਵਿੱਚ ਕੇਂਦਰੀ ਮੰਤਰੀ ਅਜੇ ਕੁਮਾਰ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਮੁੱਖਦੋਸ਼ੀ ਮੰਨਿਆ ਸੀ।ਉਸ ਕੇਸ ਵਿੱਚ ਆਸ਼ੀਸ਼ ਮਿਸ਼ਰਾ ਨੂੰ ਗ੍ਰਿਫਤਾਰੀ ਅਤੇ ਪੁਲਸ ਰਿਮਾਂਡ ਪਿੱਛੋਂ ਜੇਲ੍ਹ ਭੇਜ ਦਿੱਤਾ ਗਿਆ ਸੀ, ਪਰ ਇਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ। ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਪਿੱਛੋਂ ਹਿੰਸਾ ਪੀੜਤ ਪਰਿਵਾਰਾਂ ਨੇ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿੱਚਅਰਜ਼ੀਦਿੱਤੀ ਸੀ ਤੇ ਸੁਣਵਾਈ ਦੇ ਬਾਅਦ ਅੱਜ ਸੁਪਰੀਮ ਕੋਰਟ ਨੇ ਜ਼ਮਾਨਤ ਰੱਦ ਕਰ ਕੇ ਕਿਹਾ ਕਿ ਹਾਈ ਕੋਰਟ ਨੇ ਪੀੜਤ ਪੱਖ ਨਜ਼ਰਅੰਦਾਜ਼ ਕੀਤਾ ਤੇ ਕਾਹਲੀਵਿੱਚ ਫੈਸਲਾ ਦਿੱਤਾ ਹੈ। ਇਸ ਦੇ ਨਾਲ ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਇਕ ਹਫਤੇਵਿੱਚ ਆਤਮ ਸਮੱਰ-ਪਣ ਕਰਨ ਨੂੰਕਹਿ ਕੇ ਕੇਸਫਿਰ ਇਲਾਹਾਬਾਦ ਹਾਈ ਕੋਰਟ ਵਿੱਚ ਭੇਜ ਦਿੱਤਾ ਹੈ।

## ਭਾਰਤ ਫੇਰੀ ਤੋਂ ਪਹਿਲਾਂ ਬੋਰਿਸ ਜਾਨਸਨ ਫਿਰ ਕਸੂਤਾ ਫਸ ਗਿਆ

* ਤਾਲਾਬੰਦੀ ਦੌਰਾਨ ਕਈ ਪਾਰਟੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼

ਲੰਡਨ, 18 ਅਪਰੈਲ, (ਪੋਸਟ ਬਿਊਰੋ)- ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਉੱਤੇਅੱਜ ਸੋਮਵਾਰ ਨੂੰ ਨਿਯਮਾਂ ਦੀ ਉਲੰਘਣਾ ਕਰਨ ਤੇ ਕੋਰੋਨਾ ਵਾਇਰਸ ਤਾਲਾਬੰਦੀ ਦੌਰਾਨ ਕਈ ਪਾਰਟੀਆਂ ਵਿਚ ਸ਼ਾਮਲ ਹੋਣ ਦਾ ਦੋਸ਼ਫਿਰ ਲੱਗ ਗਿਆ ਹੈ।ਕੋਵਿਡ ਦੀ ਮਹਾਮਾਰੀ ਉੱਤੇ ਕਾਬੂ ਪਾਉਣ ਵਾਸਤੇ ਲਾਈ ਤਾਲਾਬੰਦੀ ਦੌਰਾਨ ਲੋਕਾਂ ਦੇ ਇਕੱਠੇ ਹੋਣਦੀ ਪਾਬੰਦੀ ਦੇ ਦੌਰਾਨ ਕਈ ਪਾਰਟੀਆਂ ਹੁੰਦੀਆਂ ਰਹੀਆਂ ਅਤੇ ਬੋਰਿਸ ਜਾਨਸਨ ਉੱਤੇ ਉਨ੍ਹਾਂ ਵਿਚ ਜਾਣ ਦਾ ਦੋਸ਼ ਹੈ।ਉਹ ਵੀਰਵਾਰ ਨੂੰ ਭਾਰਤ ਦੌਰੇਲਈ ਜਾਣ ਵਾਲੇ ਸਨ, ਪਰ ਉਸਤੋਂ ਪਹਿਲਾਂ ਇਹ ਰੱਫੜ ਪੈ ਗਿਆ ਹੈ।

ਵਰਨਣ ਯੋਗ ਹੈ ਕਿ ਬੋਰਿਸ ਜਾਨਸਨ ਨੂੰ ਅਜਿਹੀ ਪਾਰਟੀ ਕਰਨ ਲਈ ਪਹਿਲਾਂ ਜੁਰਮਾਨਾ ਲਾਇਆ ਜਾ ਚੁੱਕਾ ਹੈ। ਜੂਨ 2020 ਵਿੱਚ ਉਨ੍ਹਾਂ ਦੇ ਜਨਮਦਿਨਮੌਕੇ ਉਨ੍ਹਾ ਦੀ ਪਤਨੀ ਕੈਰੀ ਕੈਬਨਿਟ ਰੂਮ ਵਿੱਚ ਕੇਕ ਲਿਆਈ ਸੀ। ਬ੍ਰਿਟੇਨ ਦੇ ਖਜ਼ਾਨਾ ਮੰਤਰੀ ਰਿਸ਼ੀ ਸੁਨਕ ਉੱਤੇਵੀ ਇਸ ਪਾਰਟੀ ਲਈ ਜੁਰਮਾਨਾ ਲੱਗਾ ਹੈ।ਬ੍ਰਿਟਿਸ਼ ਮੀਡੀਆ ਅਨੁਸਾਰ ਤਾਲਾਬੰਦੀ ਦੌਰਾਨ ਹੋਈਆਂ 12 ਪਾਰਟੀਆਂ ਬਾਰੇਪੁਲਸ ਜਾਂਚ ਕਰ ਰਹੀ ਹੈ ਅਤੇ ਕਿਹਾ ਜਾਂਦਾ ਹੈ ਕਿ ਜਾਨਸਨ ਉਨ੍ਹਾਂ 12 ਤਾਲਾਬੰਦੀ ਪਾਰਟੀਆਂ ਵਿੱਚੋਂ ਛੇ ਨਾਲ ਜੁੜੇ ਹੋਏ ਸਨ।'ਦਿ ਸੰਡੇ ਟਾਈਮਜ਼' ਨੇ ਇੱਕ ਸਰੋਤ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਹੈ ਕਿ ਨਵੰਬਰ 2020 ਵਿੱਚ 10 ਡਾਊਨਿੰਗ ਸਟ੍ਰੀਟ ਛੱਡ ਰਹੇ ਇਨਫਰਮੇਸ਼ਨ ਡਾਇਰੈਕਟਰ ਲੀ ਕੈਨ ਲਈ ਇੱਕ ਪਾਰਟੀ ਦੀ ਮੇਜ਼ਬਾਨੀ ਵਿੱ-ਚਬੋਰਿਸ ਜਾਨਸਨ ਸ਼ਾਮਲ ਸਨ। ਨਵੇਂ ਦੋਸ਼ਾਂ ਮਗਰੋਂ ਵਿਰੋਧੀ ਧਿਰ ਨੇ 57 ਸਾਲਾ ਜਾਨਸਨ ਦੇ ਅਸਤੀਫੇ ਦੀ ਮੰਗ ਤੇਜ਼ ਕਰ ਦਿੱਤੀ ਹੈ। ਲੇਬਰ ਡਿਪਟੀ ਦੇ ਲੀਡਰ ਐਂਜੇਲਾ ਰੇਨਰ ਨੇ ਕਿਹਾ ਕਿ ਜੇ ਨਵੀਆਂ ਰਿਪੋਰਟਾਂ ਸਹੀ ਹਨ ਤਾਂ ਇਸਦਾ ਮਤਲਬ ਹੈ ਕਿ ਪ੍ਰਧਾਨ ਮੰਤਰੀ ਨਾ ਸਿਰਫ਼ ਇਨ੍ਹਾਂ ਪਾਰਟੀਆਂ ਵਿੱਚਸ਼ਾਮਲ ਹੋਏ, ਸਗੋਂ ਉਨ੍ਹਾਂ ਵਿੱਚੋਂ ਘੱਟੋ-ਘੱਟ ਇੱਕ ਪਾਰਟੀ ਕਰਨ ਵਿੱਚ ਵੀ ਉਨ੍ਹਾਂ ਦੀ ਮੁੱਖ ਭੂਮਿਕਾ ਸੀ। ਰੇਨਰ ਨੇ ਜਾਨਸਨ ਉੱਤੇ ਬ੍ਰਿਟਿਸ਼ ਲੋਕਾਂ ਨੂੰ ਜਾਣਬੁੱਝ ਕੇ ਗੁੰਮਰਾਹ ਕਰਨ ਦਾ ਦੋਸ਼ ਲਾਇਆ। ਵਿਰੋਧੀ ਧਿਰ ਵੱਲੋਂ ਨਿਸ਼ਾਨਾ ਬਣਾਏ ਜਾਣ ਦੇ ਦੌਰਾਨ ਪ੍ਰਧਾਨ ਮੰਤਰੀ ਦਫਤਰ10-ਡਾਊਨਿੰਗ ਸਟਰੀਟ ਨੇ ਕਿਹਾ ਕਿ ਜਦੋਂ ਤੱਕ ਸਕਾਟਲੈਂਡ ਯਾਰਡ (ਪੁਲਸ) ਦੀ ਜਾਂਚ ਪੂਰੀ ਨਾ ਹੋਵੇ, ਇਹ ਦਫਤਰਇਸ ਬਾਰੇ ਟਿਪਣੀ ਨਹੀਂ ਕਰੇਗਾ। ਇਸ ਦੌਰਾਨ ਜਾਨਸਨ ਨੇ ਆਸ ਕੀਤੀ ਕਿ ਈਸਟਰ ਬ੍ਰੇਕ ਪਿੱਛੋਂਜਦੋਂ ਪਾਰਲੀਮੈਂਟ ਬੈਠਕ ਸ਼ੁਰੂ ਹੋਈ ਤਾਂ ਲੋਕਾਂ ਦਾ ਧਿਆਨ ਇਸ ਮੁੱਦੇ ਦੀ ਥਾਂ ਹੋਰ ਪਾਸੇਹੋ ਜਾਵੇਗਾ।

# ਗੈਂਗਸਟਰ ਤੋਂ ਖਾੜਕੂ ਬਣੇ ਅਰਸ਼ ਡੱਲਾ ਦੇ ਦੋ ਜੋੜੀਦਾਰ 5 ਆਧੁਨਿਕ ਗੰਨਾਂ ਸਣੇ ਗ੍ਰਿਫ਼ਤਾਰ

* ਨਵਾਂਸ਼ਹਿਰ ਦੇ ਹਮਲਾ ਕੇਸਵਿੱਚ ਵੀ 3 ਖਾੜਕੂ ਫੜੇ ਗਏ



ਚੰਡੀਗੜ੍ਹ, 18 ਅਪਰੈਲ, (ਪੋਸਟ ਬਿਊਰੋ)- ਪੰਜਾਬ ਦਾ ਅਮਨ ਭੰਗ ਕਰਨ ਲਈ ਵਿਦੇਸ਼ ਬੈਠੇ ਦੇਸ਼ ਵਿਰੋਧੀਆਂ ਦੀਆਂ ਚਾਲਾਂ ਨੂੰ ਪਛਾੜ ਕੇ ਪੰਜਾਬ ਪੁਲਸ ਦੇ ਇੰਟੈਲੀਜੈਂਸ ਵਿੰਗ ਨੇ ਭਗੌੜੇ ਗੈਂਗਸਟਰ ਤੋਂ ਖਾੜਕੂ ਬਣ ਚੁੱਕੇ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ ਦੇ ਦੋ ਨੇੜਲੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਲੋਕਾਂ ਦੀ ਪਛਾਣ ਹਰਸ਼ ਕੁਮਾਰ ਤੇ ਉਸ ਦਾ ਸਾਥੀ ਰਾਘਵ, ਜੋ ਦੋਵੇਂ ਕੋਟ ਈਸੇ ਖਾਂ ਜ਼ਿਲਾ ਮੋਗਾ ਦੇ ਵਾਸੀ ਹਨ, ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਕੋਲੋਂ ਇੱਕਆਧੁਨਿਕ ਵਿਦੇਸ਼ੀ ਐੱਮਪੀ-5 ਗੰਨ ਅਤੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਇਸ ਬਾਰੇ ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਵੀ ਕੇ ਭਾਵਰਾ ਨੇ ਦੱਸਿਆ ਕਿ ਖੁਫ਼ੀਆ ਏਜੰਸੀ ਦੀ ਅਗਵਾਈ ਵਿੱਚ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ ਐੱਸ ਓਸੀ) ਅੰਮ੍ਰਿਤਸਰ ਦੀ ਟੀਮ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾਹੈਅਤੇ ਮੁੱਢਲੀ ਪੁੱਛਗਿੱਛ ਵਿੱਚ ਹਰਸ਼ ਨੇ ਮੰਨਿਆ ਹੈ ਕਿ ਉਹ ਮੋਗਾ ਦੇ ਪਿੰਡ ਸ਼ਾਦੀਵਾਲਾ ਦੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਰਾਹੀਂ ਅਰਸ਼ ਡੱਲਾ ਦੇ ਸੰਪਰਕ ਵਿੱਚ ਆਇਆ ਸੀ, ਜਿਸ ਨੂੰ ਮੋਗਾ ਜ਼ਿਲਾ ਪੁਲਸ ਨੇ ਜਨਵਰੀ 2022 ਵਿੱਚ ਹੱਥ-ਗੋਲਿਆਂ ਤੇ ਹਥਿਆਰਾਂ ਦੀ ਖੇਪ ਨਾਲਫੜਿਆ ਸੀ। ਡੀਜੀਪੀ ਨੇ ਦੱਸਿਆ ਕਿ ਗੋਪੀ ਦੀ ਗ੍ਰਿਫ਼ਤਾਰੀ ਮਗਰੋਂ ਅਰਸ਼ ਡੱਲਾ ਨੇ ਐਨਕ੍ਰਿਪਟਿਡ ਐਪਸ ਰਾਹੀਂ ਹਰਸ਼ ਕੁਮਾਰ ਨਾਲ ਸੰਪਰਕ ਕਰ ਕੇ ਉਸ ਨੂੰ ਆਪਣੇ ਲਈ ਕੰਮ ਕਰਨ ਨੂੰ ਕਿਹਾਅਤੇ ਫਿਰ ਡੱਲਾ ਨੇ ਘੱਟੋ-ਘੱਟ ਦੋ ਵਾਰ ਹਰਸ਼ ਨੂੰ ਫੰਡ ਭੇਜੇ ਸਨ। ਉਨ੍ਹਾਂ ਦੱਸਿਆ ਕਿ ਹਥਿਆਰਾਂ ਦਾ ਪ੍ਰਬੰਧ ਵੀ ਅਰਸ਼ ਡੱਲਾ ਨੇ ਕੀਤਾ ਸੀ। ਏ ਆਈ ਜੀ, ਐੱਸ ਐੱਸ ਓ ਸੀ ਅੰਮ੍ਰਿਤਸਰ ਸੁਖਮਿੰਦਰ ਮਾਨ ਨੇ ਕਿਹਾ ਕਿ ਦੋਸ਼ੀਆਂ ਨੇ ਹਥਿਆਰਕਿਵੇਂਪ੍ਰਾਪਤ ਕੀਤੇ ਅਤੇ ਇਹ ਉਨ੍ਹਾਂ ਤੱਕ ਪੁੱਜਣ ਦੇ ਕਾਰਨ ਲੱਭਣ ਲਈ ਜਾਂਚ ਕੀਤੀ ਜਾ ਰਹੀ ਹੈ।

ਸਰਗਰਮ ਗੈਂਗਸਟਰ ਤੋਂ ਖਾੜਕੂ ਬਣਿ-ਆਮੋਗਾ ਦਾ ਵਾਸੀ ਅਰਸ਼ ਡੱਲਾ ਅੱਜਕੱਲ੍ਹ ਕੈਨੇਡਾ ਵਿੱਚ ਹੈ। ਉਹ ਪਿਛਲੇ ਸਮੇਂ ਤੋਂ ਕਈ ਗੈਂਗਸਟਰ ਤੇ ਖਾੜਕੂ ਗਤੀਵਿਧੀਆਂ ਵਿੱਚ ਸ਼ਾਮਲ ਹੈ ਅਤੇ ਪੰਜਾਬ ਪੁਲਸ ਨੇ ਉਸ ਦੇ ਕਈ ਮਾਡਿਊਲਜ਼ ਨਾਲ ਜੁੜੇ ਲੋਕਾਂ ਨੂੰਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਤੋਂ ਆਈ ਈ ਡੀਜ਼, ਹੱਥ-ਗੋਲੇ ਅਤੇ ਹੋਰ ਹਥਿਆਰ ਅਤੇ ਗੋਲੀ ਸਿੱਕਾ ਬਰਾਮਦ ਕੀਤਾ ਹੈਅਤੇ ਡੱਲਾ ਨੂੰ ਕਾਬੂ ਕਰਨ ਲਈ ਢੁਕਵੇਂ ਪੱਧਰ ਉੱਤੇ ਯਤਨ ਕਰ ਰਹੀ ਹੈ। ਦੂਸਰੇ ਪਾਸੇ ਨਵਾਂਸ਼ਹਿਰ ਦੇ ਸੀ ਆਈ ਏ ਸਟਾਫ਼ ਵਿਚ ਰਾਤ ਨੂੰ ਪੁਲਸ ਉੱਤੇ ਹੈਂਡ ਗ੍ਰਨੇਡ ਸੁੱਟਣ ਵਾਲੇ ਖਾੜਕੂ ਗਰੁੱਪਦੇ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਚਾਈਨਾ ਮੇਡ ਹੈਂਡ ਗ੍ਰਨੇਡ ਤੇ ਵਾਰਦਾਤ ਵਿੱਚ ਵਰਤੀ ਗਈ ਬਾਈਕ ਵੀ ਪੁਲਸ ਨੇ ਬਰਾਮਦ ਕਰ ਲਈ ਹੈ। ਪਾਕਿਸਤਾਨ ਤੋਂ ਖਾੜਕੂ ਕਾਰਵਾਈਆਂ ਚਲਾ ਰਹੇ ਹਰਵਿੰ-ਦਰ ਸਿੰਘ ਉਰਫ ਰਿੰਦਾ ਦੇ ਗਰੁੱਪ ਦੇ ਇਨ੍ਹਾਂ ਮੈਂਬਰਾਂ ਦਾ ਪੁਲਸ ਨੇ ਅੱਜ ਅਦਾਲਤਤੋਂ 7 ਦਿਨਾਂਦਾ ਪੁਲਸ ਰਿਮਾਂਡਲਿਆ ਹੈ।

ਇਸ ਕੇਸ ਬਾਰੇ ਪੰਜਾਬ ਪੁਲਸ ਦੇ ਮੁਖੀ ਵੀ ਕੇ ਭਾਵਰਾ ਵੱਲੋਂ ਰਿਲੀਜ਼ ਪ੍ਰੈੱਸ ਨੋਟ ਰਾਹੀਂ ਐੱਸ ਐੱਸ ਪੀ ਸੰਦੀਪ ਸ਼ਰਮਾ ਨੇ ਦੱਸਿਆ ਕਿ ਬੀਤੇ ਸਾਲ 7 ਨਵੰਬਰ ਦੀ ਅੱਧੀ ਰਾਤ ਬੰਗਾ ਰੋਡ ਉੱਪਰਲੇ ਸੀ ਆਈ ਏ ਸਟਾਫ ਵਿਖੇ ਬਾਈਕ ਸਵਾਰ 2 ਅਣਪਛਾਤੇ ਨੌਜਵਾਨਾਂ ਨੇ ਹੈਂਡ ਗ੍ਰਨੇਡ ਸੁੱਟਿਆ ਸੀ, ਪਰ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਸੀ।ਉਸ ਕੇਸ ਦੀ ਜਾਂਚ ਐੱਸ ਪੀ ਸਰਬਜੀਤ ਸਿੰਘ ਵਾਹੀਆ ਅਤੇ ਡੀਐੱਸ ਪੀ ਹਰਜੀਤ ਸਿੰਘ ਦੀ ਅਗਵਾਈ ਹੇਠ 3 ਵੱਖ-ਵੱਖ ਟੀਮਾਂ ਨੂੰ ਸੌਂਪੀ ਗਈ ਸੀ। ਜਾਂਚ ਪਿੱਛੋਂ ਪੁਲਸ ਨੇ ਦੋਸ਼ੀ ਮਨੀਸ਼ ਕੁਮਾਰ ਉਰਫ ਮਨੀ ਉਰਫ ਬਾਬਾ ਪਿੰਡ ਬੈਂਸ ਥਾਣਾ ਸਦਰ ਨਵਾਂਸ਼ਹਿਰ, ਰਮਨਦੀਪ ਸਿੰਘ ਉਰਫ ਜੱਖੂ ਵਾਸੀ ਅੱਟਾ, ਥਾਣਾ ਗੁਰਾਇਆ, ਜਲੰਧਰ ਅਤੇ ਪ੍ਰਦੀਪ ਸਿੰਘ ਉਰਫ ਭੱਟੀ ਪਿੰਡ ਸਾਹਲੋਂ (ਨਵਾਂਸ਼ਹਿਰ) ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ 1 ਜ਼ਿੰਦਾ ਗ੍ਰਨੇਡ ਅਤੇ ਵਾਰਦਾਤ ਵਿੱਚ ਵਰਤੀ ਬਾਈਕ ਬਰਾਮਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਪੁਲਸ ਨੂੰ ਪਾਕਿ ਬੈਠੇ ਹਰਵਿੰਦਰ ਸਿੰਘ ਉਰਫ ਰਿੰਦਾ ਮੁੱਖ ਸਾਜ਼ਿਸ਼ਕਰਤਾ ਵੱਲੋਂ ਚਲਾਏ ਜਾਂਦੇ ਖਾੜਕੂ ਮਾਡਿਊਲ ਨੂੰ ਤੋੜਨ ਦੀ ਸਫ਼ਲਤਾ ਮਿਲੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਬਠਿੰਡਾ ਦੇ ਹੋਟਲ ਵਿੱਚ ਲੁੱਟ: ਨਕਲੀ ਨਹੀਂ, ਅਸਲੀ ਪੁਲਸ ਨੇ ਲੁੱਟੇ ਸਨ 42 ਲੱਖ ਰੁਪਏ

ਬਠਿੰਡਾ, 18 ਅਪ੍ਰੈਲ (ਪੋਸਟ ਬਿਊਰੋ)- ਪਰਸੋਂ ਸਵੇਰੇ ਕਰੀਬ ਪੰਜ ਵਜੇ ਹਨੂਮਾਨ ਚੌਕ ਵਿਚਲੇ ਹੋਟਲ ਵਿੱਚ 42 ਲੱਖ ਰੁਪਏ ਦੀ ਲੁੱਟ ਦਾ ਮਾਮਲਾ ਬਠਿੰਡਾ ਪੁਲਸ ਨੇ ਕੁਝ ਘੰਟਿਆਂ ਵਿੱਚ ਟ੍ਰੇਸ ਕਰ ਲਿਆ ਹੈ। ਲੁੱਟ ਦਾ ਮੁੱਖ ਦੋਸ਼ੀ ਹੋਰ ਨਹੀਂ, ਜੈਪੁਰ ਤੋਂ ਦੋ ਵਿਅਕਤੀਆਂ ਨੂੰ ਕੈਨੇਡਾ ਭੇਜਣ ਵਾਲੇ ਏਜੰਟ ਜਗਦੀਸ਼ ਲੱਕੀ ਤੇ ਨਿਸ਼ਾਨ ਸਿੰਘ ਨਿਕਲੇ। ਫਿਲਮੀ ਸਟਾਈਲ ਵਿੱਚ ਹੋਈ ਇਸ ਲੁੱਟ ਵਿੱਚ ਪੁਲਸ ਨਕਲੀ ਨਹੀਂ, ਅਸਲੀ ਸੀ। ਅੰਮ੍ਰਿਤਸਰ ਵਿੱਚ ਤੈਨਾਤ ਏ ਐਸ ਆਈ ਨੇ ਆਪਣੇ ਬੇਟੇ ਨੂੰ ਪੁਲਸ ਦੀ ਵਰਦੀ ਪਾ ਕੇ ਗੈਂਗ ਦੇ ਬਾਕੀ ਮੈਂਬਰਾਂ ਨਾਲ ਮਿਲ ਕੇ ਲੁੱਟ ਕੀਤੀ ਸੀ। ਬਠਿੰਡਾ ਪੁਲਸ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਤਾਂਇਸ ਦੇ ਅੱਧੇ ਦੋਸ਼ੀਆਂ ਦੀ ਪਛਾਣ ਹੋ ਗਈ ਹੈ।

ਵਰਨਣ ਯੋਗ ਹੈ ਕਿ ਏਜੰਟ ਨਿਸ਼ਾਨ ਸਿੰਘ ਹੋਟਲ ਵਿੱਚ ਠਹਿਰੇ ਦੋ ਦੋਸਤਾਂ ਗੁਰਪ੍ਰੀਤ ਸਿੰਘ ਤੇ ਵਰਿੰਦਰ ਸਿੰਘ ਦੇ ਨਾਲ ਵਾਲੇ ਕਮਰੇ ਵਿੱਚ ਠਹਿਰਿਆ ਸੀ। ਏਜੰਟੀ ਲੱਕੀ ਨੇ ਗੁਰਪ੍ਰੀਤ ਸਿੰਘ ਅਤੇ ਵਰਿੰਦਰ ਸਿੰਘ ਦੇ ਦੋਸਤ ਸ਼ਵਿੰਦਰਪ੍ਰੀਤ ਤੇ ਦੀਪਕ ਸ਼ਰਮਾ ਨੂੰ ਜੈਪੁਰ ਤੋਂ ਕੈਨੇਡਾ ਭੇਜਣ ਲਈ 42 ਲੱਖ ਰੁਪਏ ਲੈਣੇ ਸਨ। ਤੈਅ ਸੀ ਕਿ ਸ਼ਵਿੰਦਰਪ੍ਰੀਤ ਤੇ ਦੀਪਕ ਸ਼ਰਮਾ ਦੇ ਕੈਨੇਡਾ ਪਹੁੰਚਣ ਦੇ ਬਾਅਦ ਹੋਟਲ ਵਿੱਚ ਠਹਿਰੇ ਗੁਰਪ੍ਰੀਤ ਤੇ ਵਰਿੰਦਰ 42 ਲੱਖ ਰੁਪਏ ਨਿਸ਼ਾਨ ਸਿੰਘ ਨੂੰ ਦੇ ਦੇਣਗੇ, ਪਰ ਇਸ ਤੋਂ ਪਹਿਲਾਂ ਏਜੰਟ ਲੱਕੀ ਤੇ ਏਜੰਟ ਨਿਸ਼ਾਨ ਸਿੰਘ ਨੇ ਇਹ ਲੁੱਟ ਦੀ ਵਾਰਦਾਤ ਕਰ ਦਿੱਤੀ। ਲੱਕੀ ਦੇ ਪ੍ਰੋਗਰਾਮ ਅਨੁਸਾਰ ਦੋਵੇਂ ਦੋਸਤ ਬਠਿੰਡਾ ਦੇ ਹੋਟਲ ਪਹੁੰਚੇ ਤੇ ਲੱਕੀ ਉਨ੍ਹਾਂ ਦੇ ਦੋਸਤਾਂ ਸ਼ਵਿੰਦਰਪ੍ਰੀਤ ਤੇ ਦੀਪਕ ਨੂੰ ਲੈ ਕੇ ਜੈਪੁਰ ਚਲਾ ਗਿਆ, ਕਿਉਂਕਿ ਉਥੋਂ ਕੈਨੇਡਾ ਦੀ ਫਲਾਈਟ ਸੀ। ਲੱਕੀ ਦਾ ਭੇਜਿਆ ਏਜੰਟ ਨਿਸ਼ਾਨ ਉਨ੍ਹਾਂ ਨੂੰ ਬਠਿੰਡਾ ਵਿੱਚ ਮਿਲ ਗਿਆ, ਜੋ ਉਨ੍ਹਾਂ ਦੇ ਕਮਰੇ ਦੇ ਨਾਲ ਵਾਲੇ ਕਮਰੇ ਵਿੱਚ ਠਹਿਰਿਆ। 15 ਅਪ੍ਰੈਲ ਦੀ ਰਾਤ ਨਿਸ਼ਾਨ ਉਨ੍ਹਾਂ ਦੇ ਕਮਰੇ ਵਿੱਚ ਆਇਆ ਤੇ ਰੁਪਏ ਚੈਕ ਕਰਨ ਪਿੱਛੋਂ ਆਪਣੇ ਕਮਰੇ ਵਿੱਚ ਚਲਾ ਗਿਆ। ਸਵੇਰੇ ਪੰਜ ਵਜੇ ਦਰਵਾਜ਼ਾ ਖੜਕਾਉਣ ਉੱਤੇ ਨਿਸ਼ਾਨ ਦੀ ਆਵਾਜ਼ ਸੁਣ ਕੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਦੋ ਜਣੇ ਪੁਲਸ ਵਰਦੀ ਵਿੱਚ ਖੜੇ ਸਨ। ਇੱਕ ਪੁਲਸ ਮੁਲਾਜ਼ਮ ਨੇ ਕਿਹਾ ਕਿ ਤੁਸੀਂ ਲੋਕ ਚਿੱਟਾ ਵੇਚਦੇ ਹੋ ਅਤੇ ਤੁਹਾਡੇ ਕੋਲ ਡਰੱਗ ਮਨੀ ਹੈ। ਉਕਤ ਲੋਕਾਂ ਨੇ ਕਮਰੇ ਵਿੱਚ ਪਿਆ ਪੈਸਿਆਂ ਵਾਲਾ ਲਿਫਾਫਾ ਉਠਾਇਆ ਅਤੇ ਕਾਰ ਵਿੱਚ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਗਏ।

# ਕਮਾਲ ਦੀ ਗੱਲ: ਚਲਾਣ ਹਿਮਾਚਲ ਦੀ ਗੱਡੀ ਦਾ ਕੀਤਾ ਤੇ ਰਸੀਦ ਰੂਪਨਗਰ ਦੀ ਔਰਤ ਨੂੰ ਭੇਜ ਦਿੱਤੀ

* ਚੰਡੀਗੜ੍ਹ ਟਰੈਫਿਕ ਪੁਲਸ ਉੱਤੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼




ਚੰਡੀਗੜ੍ਹ, 18 ਅਪ੍ਰੈਲ (ਪੋਸਟ ਬਿਊਰੋ)- ਇੱਕ ਵਾਰ ਫਿਰ ਚੰਡੀਗੜ੍ਹ ਟਰੈਫਿਕ ਪੁਲਸ ਨੇ ਚੰਦ ਚਾੜ੍ਹ ਦਿੱਤਾ ਹੈ। ਉਸ ਨੇ ਹਿਮਾਚਲ ਪ੍ਰਦੇਸ਼ ਦੇ ਨੰਬਰ ਦਾ ਗੱਡੀ ਦਾ ਚਲਾਣ ਕਰ ਕੇ ਭੁਗਤਾਨ ਦੇ ਲਈ ਰਸੀਦ ਪੰਜਾਬ ਦੀ ਇੱਕ ਔਰਤ ਦੀ ਗੱਡੀ ਦੇ ਨੰਬਰ ਉੱਤੇ ਭੇਜ ਦਿੱਤੀ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਪੰਜਾਬ ਦੇ ਰੂਪਨਗਰ ਜ਼ਿਲੇ ਦੇ ਪਿੰਡ ਰਾਏਪੁਰ ਦੀ ਵਸਨੀਕ ਮਨਪ੍ਰੀਤ ਕੌਰ ਨੇ ਦੱਸਿਆ ਕਿ ਚੰਡੀਗੜ੍ਹ ਪੁਲਸ ਨੇ ਉਨ੍ਹਾਂ ਦੀ ਕਾਰ ਦਾ ਚਲਾਣ ਭੇਜਿਆ ਹੈ, ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੇ ਨੰਬਰ ਦੀ ਗੱਡੀ ਵੱਲੋਂ ਡੇਂਜਰ ਡਰਾਈਵਿੰਗ ਤੇ ਸਾਈਕਲ ਟ੍ਰੈਕ ਉੱਤੇ ਗੱਡੀ ਚਲਾਉਣ ਦਾ ਜ਼ਿਕਰ ਹੈ, ਪਰ ਜਿਸ ਦਿਨ ਦਾ ਚੰਡੀਗੜ੍ਹ ਪੁਲਸ ਨੇ ਚਲਾਣ ਭੇਜਿਆ ਹੈ, ਉਸ ਦਿਨ ਉਨ੍ਹਾਂ ਦੀ ਗੱਡੀ ਪੰਜਾਬ ਵਿੱਚ ਸੀ।ਹਿਮਾਚਲ ਪ੍ਰਦੇਸ਼ ਦੀ ਇਸ ਗੱਡੀ ਦਾ ਚਲਾਣ ਚੰਡੀਗੜ੍ਹ ਟਰੈਫਿਕ ਪੁਲਸ ਨੇ 13 ਜਨਵਰੀ ਨੂੰ ਦੁਪਹਿਰ 1.04 ਵਜੇ ਕੀਤਾ ਸੀ, ਪ੍ਰੰਤੂ ਚੰਡੀਗੜ੍ਹ ਟਰੈਫਿਕ ਪੁਲਸ ਨੇ ਗੱਡੀ ਦੀ ਫੋਟੋ ਉੱਤੇ ਚਲਾਣ ਰੂਪਨਗਰ ਦੀ ਮਨਪ੍ਰੀਤ ਕੌਰ ਦੀ ਗੱਡੀ ਵਾਸਤੇ ਭੇਜ ਦਿੱਤਾ। ਪੁਲਸ ਨੇ ਹਿਮਾਚਲ ਪ੍ਰਦੇਸ਼ ਦੇ ਨੰਬਰ ਦੀ ਗੱਡੀ ਦਾਚਲਾਨ ਕਲਾਗ੍ਰਾਮ ਲਾਈਟ ਪੁਆਇੰਟ ਨੇੜੇ ਸਾਈਕਲ ਟਰੈਕ ਦਾ ਦਿਖਾਇਆ ਹੈ। ਇਸ ਚਲਾਣ ਰਸੀਦ ਦੇ ਮੁਤਾਬਕ ਕਾਂਸਟੇਬਲ ਅਰਵਿੰਦ ਕੁਮਾਰ ਨੇ ਹਿਮਾਚਲ ਦੇ ਨੰਬਰ ਦੀ ਗੱਡੀ ਦਾ ਕਲਾਗ੍ਰਾਮ ਲਾਈਟ ਪੁਆਇੰਟ ਨੇੜੇ 13 ਜਨਵਰੀ ਨੂੰ ਸਾਈਕਲ ਟਰੈਕ ਉੱਤੇ ਗੱਡੀ ਚਲਾਉਣ ਦਾ ਚਲਾਣ ਕੀਤਾ ਸੀ। ਕਾਂਸਟੇਬਲ ਅਰਵਿੰਦ ਕੁਮਾਰ ਨੇ ਹੀ ਹਿਮਾਚਲ ਨੰਬਰ ਗੱਡੀ ਦੀ ਫੋਟੋ ਆਪਣੇ ਕੈਮਰੇ ਨਾਲ ਖਿੱਚੀ, ਪ੍ਰੰਤੂ ਪੁਲਸ ਨੇ ਚਲਾਣ ਮਨਪ੍ਰੀਤ ਕੌਰ ਨੂੰ ਭੇਜ ਦਿੱਤਾ।ਇਸ ਬਾਰੇ ਮਨਪ੍ਰੀਤ ਕੌਰ ਨੇ 13 ਅਪ੍ਰੈਲ ਨੂੰ ਚੰਡੀਗੜ੍ਹ ਟਰੈਫਿਕ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਕੇ ਕਿਹਾ ਕਿ ਚੰਡੀਗੜ੍ਹ ਟਰੈਫਿਕ ਪੁਲਸ ਇਸ ਤਰ੍ਹਾਂ ਚਲਾਣ ਕਰ ਕੇ ਅਤੇ ਗਲਤ ਪਤੇ ਉੱਤੇ ਚਲਾਣ ਭੇਜ ਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਠਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਬੇਢੰਗਾ ਸ਼ਹਿਰੀਕਰਨ, ਵਿਗਾੜ ਰਿਹਾ ਹੈ ਸ਼ਹਿਰਾਂ ਦਾ ਮੁਹਾਂਦਰਾ





ਗੁਰਮੀਤ ਸਿੰਘ ਪਲਾਹੀ
9815802070

ਭਾਰਤ ਦੇ ਸ਼ਹਿਰ ਵਿਕਾਸ ਕਰ ਰਹੇ ਹਨ। ਤਰੱਕੀ ਦੀਆਂ ਲੀਹਾਂ 'ਤੇ ਹਨ। ਸ਼ਹਿਰਾਂ ਦਾ ਬੁਨਿਆਦੀ ਢਾਂਚਾ ਉਸਰ ਰਿਹਾ ਹੈ, ਨਿਰੰਤਰ ਵੱਧ ਰਿਹਾ ਹੈ। ਪਰ ਸ਼ਹਿਰਾਂ ਦੀ ਹਵਾ ਗੰਦਲੀ ਹੋ ਰਹੀ ਹੈ ਅਤੇ ਪਾਣੀ ਬੁਰੀ ਤਰਾਂ ਦੂਸ਼ਿਤ ਹੋ ਰਿਹਾ ਹੈ। ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਕਿ ਸ਼ਹਿਰਾਂ 'ਚ ਝੁੱਗੀਆਂ, ਝੌਂਪੜੀਆਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਇੱਕ ਸਰਵੇ ਅਨੁਸਾਰ ਝੁੱਗੀਆਂ, ਝੌਂਪੜੀਆਂ 'ਚ ਰਹਿਣ ਵਾਲੀ 57 ਫ਼ੀਸਦੀ ਆਬਾਦੀ ਤਾਮਿਲਨਾਡੂ, ਮੱਧ ਪ੍ਰਦੇਸ਼,ਉੱਤਰ ਪ੍ਰਦੇਸ਼, ਕਰਨਾਟਕ ਅਤੇ ਮਹਾਂਰਾਸ਼ਟਰ ਵਿੱਚ ਵੱਸਦੀ ਹੈ।

ਸ਼ਹਿਰ ਲੋਕਾਂ ਦੇ ਸੁਪਨਿਆਂ 'ਚ ਵੱਸਦਾ ਹੈ। ਕਾਰਨ ਇਹ ਕਿ ਸ਼ਹਿਰ ਵਿੱਚ ਮੌਕੇ ਵੱਧ ਹਨ, ਸਿੱਖਿਆ ਦੇ ਵੀ, ਰੁਜ਼ਗਾਰ ਦੇ ਵੀ, ਵੱਡੇ ਬਜ਼ਾਰ ਦੇ ਵੀ ਅਤੇ ਬੇਹਤਰ ਜੀਵਨ ਦੇ ਵੀ। ਇਸ ਲਈ ਹਰੇਕ ਦੀ ਦੌੜ ਸ਼ਹਿਰ ਵਸਣ 'ਚ ਰਹਿੰਦੀ ਹੈ। ਇਹੋ ਕਾਰਨ ਹੈ ਕਿ ਪਿੰਡਾਂ ਤੋਂ ਛੋਟੇ ਸ਼ਹਿਰਾਂ ਵੱਲ, ਛੋਟੇ ਸ਼ਹਿਰਾਂ ਤੋਂ ਵੱਡੇ ਸ਼ਹਿਰਾਂ ਵੱਲ ਅਤੇ ਫਿਰ ਮਹਾਂਨਗਰਾਂ ਵੱਲ ਪਰਵਾਸ ਦਾ ਚੱਕਰ ਚੱਲਦਾ ਰਹਿੰਦਾ ਹੈ। ਸ਼ਹਿਰਾਂ ਦੀ ਆਬਾਦੀ ਵੇਖਣ ਵਿੱਚ ਆ ਰਿਹਾ ਹੈ ਕਿ ਨਿਰੰਤਰ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਦੀ ਸ਼ਹਿਰੀ ਆਬਾਦੀ ਇਸ ਵੇਲੇ 34 ਫ਼ੀਸਦੀ ਹੈ। ਇਹ ਸ਼ਹਿਰੀ ਆਬਾਦੀ 2011 ਵਿਚਲੀ ਮਰਦਮਸ਼ੁਮਾਰੀ ਅਨੁਸਾਰ 31 ਫ਼ੀਸਦੀ ਸੀ। "ਵਿਸ਼ਵ ਸ਼ਹਿਰੀਕਰਨ ਸੰਭਾਵਨਾਵਾਂ" ਦੀ ਰਿਪੋਰਟ ਅਨੁਸਾਰ ਭਾਰਤ ਦੀ ਆਬਾਦੀ 2031 ਤੱਕ 6 ਫ਼ੀਸਦੀ ਵੱਧ ਜਾਣੀ 40 ਫ਼ੀਸਦੀ ਹੋ ਜਾਏਗੀ। ਰਿਪੋਰਟ ਇਹ ਵੀ ਕਹਿੰਦੀ ਹੈ ਕਿ 2028 ਦੇ ਆਸਪਾਸ ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆ ਦਾ ਸਭ ਤੋਂ ਜ਼ਿਆਦਾ ਆਬਾਦੀ ਵਾਲਾ ਦੇਸ਼ ਹੋ ਸਕਦਾ ਹੈ ਅਤੇ 2050 ਤੱਕ ਸ਼ਹਿਰੀ ਆਬਾਦੀ ਦੇ ਮਾਮਲੇ 'ਚ ਭਾਰਤ ਦਾ ਯੋਗਦਾਨ ਸਭ ਤੋਂ ਜ਼ਿਆਦਾ ਹੋ ਜਾਣ ਦੀ ਸੰਭਾਵਨਾ ਹੈ। ਇਹ ਅਨੁਮਾਨ ਹੈ ਕਿ 2050 ਤੱਕ ਦੁਨੀਆ 'ਚ 68 ਫ਼ੀਸਦੀ ਸ਼ਹਿਰੀ ਆਬਾਦੀ ਹੋ ਜਾਏਗੀ, ਜੋ ਕਿ ਇਸ ਵੇਲੇ 55 ਫ਼ੀਸਦੀ ਹੈ।

ਭਾਰਤ ਵਿੱਚ ਇਸ ਵੇਲੇ ਅਨਿਯਮਤ ਸ਼ਹਿਰੀਕਰਨ ਹੋ ਰਿਹਾ ਹੈ। ਸ਼ਹਿਰਾਂ ਦੇ ਨਜ਼ਦੀਕ ਬਸਤੀਆਂ, ਕਲੋਨੀਆਂ ਦੀ ਬਹੁਤਾਤ ਹੋ ਰਹੀ ਹੈ, ਜਿਥੇ ਸਹੀ ਬੁਨਿਆਦੀ ਢਾਂਚਾ ਉਪਲੱਬਧ ਨਹੀਂ ਰਹਿੰਦਾ। ਭੂ-ਮਾਫੀਆ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਖਰੀਦਦਾ ਹੈ। ਨਵੀਆਂ ਕਲੋਨੀਆਂ ਉਸਾਰ ਦਾ ਹੈ, ਮੁਨਾਫੇ ਤੇ ਵੇਚਦਾ ਹੈ ਅਤੇ ਇੰਜ ਸਰਕਾਰ ਦੇ ਟਾਊਨ ਪਲਾਨਿੰਗ ਨਿਯਮਾਂ ਦੀਆਂ ਧੱਜੀਆਂ ਉਡਾਉਂਦਾ ਹੈ। ਭਾਵੇਂ ਕੇਂਦਰ ਸਰਕਾਰ ਵਲੋਂ "ਸਮਾਰਟ ਸਿਟੀ" ਯੋਜਨਾ ਤਹਿਤ ਨਾਗਰਿਕਾਂ ਨੂੰ ਸਹੀ ਸੁਵਿਧਾਵਾਂ ਦੇਣ ਦਾ ਯਤਨ ਹੋ ਰਿਹਾ ਹੈ, ਪਰ ਵਧਦੀ ਆਬਾਦੀ ਕਾਰਨ ਇਹ ਯੋਜਨਾ ਵੀ ਸ਼ਹਿਰਾਂ ਦਾ ਬਹੁਤਾ ਕੁਝ ਸੁਆਰਨ 'ਚ ਸਫ਼ਲ ਨਹੀਂ ਹੋ ਸਕੀ। ਸਮਾਰਟ ਸਿਟੀ ਯੋਜਨਾ ਤਹਿਤ ਸਾਫ਼ ਪਾਣੀ ਦੀ ਉਪਲੱਬਧਤਾ, ਸਾਫ਼-ਸੁਥਰਾ ਵਾਤਾਵਰਨ ਅਤੇ ਹੋਰ ਬੁਨਿਆਦੀ ਢਾਂਚਾ ਨਾਗਰਿਕਾਂ ਨੂੰ ਦੇਣਾ ਸ਼ਾਮਲ ਹੈ। ਸਿੱਖਿਆ, ਸਿਹਤ ਸਹੂਲਤਾਂ ਇਸ ਵਿੱਚ ਸ਼ਾਮਲ ਹਨ। ਪਰ ਸਮਾਰਟ ਸਿਟੀ ਯੋਜਨਾ ਅੱਧਵਾਟੇ ਪਈ ਹੈ।

ਦੇਸ਼ ਦੇ ਸ਼ਹਿਰਾਂ ਦੀ ਅਸਲ ਸਥਿਤੀ ਜ਼ਮੀਨੀ ਪੱਧਰ 'ਤੇ ਕਰੁਣਾਮਈ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਵੇਂ 70 ਫ਼ੀਸਦੀ ਨਾਗਰਿਕਾਂ ਨੂੰ ਸਾਫ਼ ਪਾਣੀ ਦੀ ਸੁਵਿਧਾ ਸੀ, ਪਰ ਅਸਲ ਵਿੱਚ ਉਹਨਾ ਦੇ ਵਿਹੜਿਆਂ 'ਚ 49 ਫ਼ੀਸਦੀ ਸ਼ਹਿਰੀਆਂ ਲਈ ਪਾਣੀ ਦੀ ਉਪਲੱਬਧਤਾ ਸੀ। ਸੀਵਰੇਜ ਦੀ ਸੁਵਿਧਾ ਦੀ ਇੰਨੀ ਕਮੀ ਸੀ ਕਿ 65 ਫ਼ੀਸਦੀ ਗੰਦਾ ਪਾਣੀ ਖੁਲਾ ਛੱਡਿਆ ਜਾ ਰਿਹਾ ਸੀ, ਜਿਸ ਨਾਲ ਵਾਤਾਵਰਨ ਦਾ ਨੁਕਸਾਨ ਹੋਇਆ ਅਤੇ ਪਾਣੀ ਦੇ ਸਾਧਨ ਵੀ ਪ੍ਰਦੂਸ਼ਿਤ ਹੋਏ। ਅਸਲ ਵਿੱਚ ਸਾਫ਼ ਪਾਣੀ ਹਰੇਕ ਨਾਗਰਿਕ ਲਈ ਉਪਲੱਬਧ ਕਰਾਉਣਾ ਦੇਸ਼ ਲਈ ਸਭ ਤੋਂ ਵੱਡੀ ਚੁਣੌਤੀ ਹੈ, ਜਿਸ ਢੰਗ ਨਾਲ ਜਨਸੰਖਿਆ ਸ਼ਹਿਰਾਂ 'ਚ ਵੱਧ ਰਹੀ ਹੈ, ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ, ਨਦੀਆਂ ਸੁੱਕ ਰਹੀਆਂ ਹਨ ਅਤੇ ਜਲਵਾਯੂ ਤਬਦੀਲੀ ਦਾ ਅਣਚਾਹਿਆ ਅਸਰ ਸ਼ਹਿਰਾਂ ਉਤੇ ਵੱਧ ਵੇਖਣ ਨੂੰ ਮਿਲ ਰਿਹਾ ਹੈ, ਇਸ ਨਾਲ ਸ਼ਹਿਰਾਂ 'ਚ ਵੱਸਦੇ ਲੋਕਾਂ ਦੀਆਂ ਦੁਸ਼ਵਾਰੀਆਂ ਵੱਧ ਰਹੀਆਂ ਹਨ।

ਕੇਂਦਰ ਸਰਕਾਰ ਨੇ 'ਅਮ੍ਰਿਤ ਮਿਸ਼ਨ' ਸ਼ੁਰੂ ਕੀਤਾ ਹੈ, ਜਿਸ ਅਧੀਨ ਸਾਫ਼ ਪਾਣੀ ਅਤੇ ਸੀਵਰੇਜ ਦੀ ਸੁਵਿਧਾ ਦੇਣ ਦੀ ਵਿਵਸਥਾ ਹੈ। ਸਵੱਛ ਭਾਰਤ ਮਿਸ਼ਨ ਤਹਿਤ ਹਰ ਘਰ 'ਚ ਟਾਇਲਟ ਲਗਾਉਣ ਦੀ ਯੋਜਨਾ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਝੁੱਗੀਆਂ, ਝੌਂਪੜੀਆਂ ਵਾਲਿਆਂ ਲਈ ਪੱਕਾ ਮਕਾਨ ਬਨਾਉਣਾ ਸ਼ਾਮਿਲ ਹੈ, ਤਾਂ ਕਿ ਗਰੀਬਾਂ ਲਈ ਬੁਨਿਆਦੀ ਲੋੜਾਂ ਦੀ ਪੂਰਤੀ ਹੋ ਸਕੇ। ਪਰ ਅਸਲੀਅਤ 'ਚ ਇਹਨਾ ਯੋਜਨਾਵਾਂ ਨੂੰ ਸਹੀ ਢੰਗ ਨਾਲ ਨੇਪਰੇ ਨਹੀਂ ਚਾੜਿਆ ਜਾ ਸਕਿਆ। ਨੌਕਰਸ਼ਾਹੀ, ਅਫ਼ਸਰਸ਼ਾਹੀ ਦੀ ਬੇਦਿਲੀ ਇਹਨਾ ਨੌਜਵਾਨਾਂ ਨੂੰ ਸਿਰੇ ਚਾੜਨ 'ਚ ਵੱਡੀ ਰੁਕਾਵਟ ਹੈ।

ਇੱਕ ਆਦਰਸ਼ ਸ਼ਹਿਰ ਦੇ ਵਿਕਸਤ ਕਰਨ ਲਈ ਇਹ ਜ਼ਰੂਰੀ ਹੈ ਕਿ ਪਿੰਡ ਕਾਇਮ ਰਹਿਣ। ਚੰਗਾ ਸ਼ਹਿਰ ਵੀ ਤਦੇ ਬਣ ਸਕਦਾ ਹੈ ਜੇਕਰ ਪਿੰਡ ਵੀ ਬਰਾਬਰ 'ਤੇ ਵਿਕਸਤ ਹੋਣ। ਭਾਰਤ ਪਿੰਡਾਂ ਦਾ ਦੇਸ਼ ਹੈ। ਵੱਡੀ ਆਬਾਦੀ ਪੇਂਡੂ ਹੈ। ਕੋਵਿਡ-19 ਦੇ ਸਮੇਂ ਦੌਰਾਨ ਜਦੋਂ ਸ਼ਹਿਰਾਂ 'ਚ ਕੋਵਿਡ-19 ਦਾ ਪ੍ਰਕੋਪ ਵਧਿਆ ਤਾਂ ਪਿੰਡਾਂ ਨੇ ਸ਼ਹਿਰਾਂ ਤੋਂ ਭੱਜਕੇ ਆਈ ਆਬਾਦੀ ਨੂੰ ਸੰਭਾਲਿਆ। ਇਥੋਂ ਤੱਕ ਕਿ ਖੇਤੀ ਨੇ ਅਤੇ ਮਨਰੇਗਾ ਸਕੀਮ ਦੇ ਤਹਿਤ ਇਹਨਾ ਲੋਕਾਂ ਨੂੰ ਰੁਜ਼ਗਾਰ ਵੀ ਦਿੱਤਾ। ਖੇਤੀ ਖੇਤਰ ਦੇ ਵਿਕਾਸ ਦੀ ਦਰ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਸ਼ਹਿਰੀ ਲੋੜਾਂ ਦੀ ਪੂਰਤੀ ਅਤੇ ਅਸਾਨ ਸ਼ਹਿਰੀ ਜੀਵਨ ਅੱਜ ਵੀ ਪਿੰਡਾਂ ਤੇ ਨਿਰਭਰ ਕਰਦਾ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਦਿੱਲੀ ਅਤੇ ਨੋਇਡਾ ਜਿਹੇ ਕਈ ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਦਾ ਸਤਰ ਹਰ ਸਾਲ ਨੀਵਾਂ ਜਾ ਰਿਹਾ ਹੈ। ਦੂਸਰੇ ਮਹਾਂਨਗਰ ਵੀ ਇਸ ਸੰਕਟ 'ਚੋਂ ਲੰਘ ਰਹੇ ਹਨ। ਚੇਨੱਈ ਜਿਹੇ ਸ਼ਹਿਰ 'ਚ ਧਰਤੀ ਹੇਠਲਾ ਪਾਣੀ ਮੁੱਕ ਚੁੱਕਾ ਹੈ। ਇਹੋ ਜਿਹੇ ਸ਼ਹਿਰਾਂ ਦੀ ਦੂਜੀ ਸਮੱਸਿਆ ਮੋਟਰ, ਗੱਡੀਆਂ ਤੇ ਹੋਰ ਵਾਹਨਾਂ ਦੀ ਹੈ, ਜਿਹਨਾ 'ਚੋਂ ਨਿਕਲਦਾ ਧੂੰਆਂ ਸ਼ਹਿਰੀ ਆਬਾਦੀ ਲਈ ਵੱਡੀਆਂ ਬਿਮਾਰੀਆਂ ਲੈਕੇ ਆ ਰਿਹਾ ਹੈ। ਇਹਨਾ ਸ਼ਹਿਰਾਂ ਦੀ ਸਮੱਸਿਆ ਕੱਚਰਾ-ਪ੍ਰਬੰਧਨ ਦੀ ਵੀ ਹੈ, ਸ਼ਹਿਰਾਂ 'ਚ ਕੱਚਰੇ ਦੇ ਢੇਰ ਉੱਚੇ ਹੋ ਰਹੇ ਹਨ। ਜਿਹਨਾ ਨਾਲ ਨਿਪਟਨਾ ਇਸ ਸਮੇਂ ਬਹੁਤ ਔਖਾ ਹੋ ਰਿਹਾ ਹੈ।

ਇਸ ਸਮੇਂ ਦੇਸ਼ ਭਰ ਵਿੱਚ 750 ਤੋਂ ਜ਼ਿਆਦਾ ਸ਼ਹਿਰ ਡੂੰਘੇ ਜਲ ਸੰਕਟ ਦਾ ਸ਼ਿਕਾਰ ਹਨ। ਸ਼ਹਿਰ ਹੋਣ ਜਾਂ ਪਿੰਡ ਜੇਕਰ ਜਲ ਨਹੀਂ ਹੈ ਤਾਂ ਕੱਲ ਨਹੀਂ ਹੈ। ਭਾਵੇਂ ਜਲਪੂਰਤੀ ਅਤੇ ਪ੍ਰਬੰਧਨ ਦੇ ਬੁਨਿਆਦੀ ਢਾਂਚੇ ਲਈ ਸਕੀਮਾਂ ਬਣਾਈਆਂ ਗਈਆਂ ਹਨ। ਪਰ ਹਾਲੇ ਵੀ ਚਾਰ ਹਜ਼ਾਰ ਸ਼ਹਿਰਾਂ ਵਿਚੋਂ ਸਾਢੇ ਤਿੰਨ ਹਜ਼ਾਰ ਛੋਟੇ ਸ਼ਹਿਰ, ਕਸਬੇ ਕਿਸੇ ਵੀ ਜਲ ਪ੍ਰਬੰਧਨ ਕੇਂਦਰੀ ਯੋਜਨਾ ਤਹਿਤ ਸ਼ਾਮਿਲ ਨਹੀਂ ਹਨ।

ਸ਼ਹਿਰੀਕਰਨ ਦੀਆਂ ਭਾਵੇਂ ਅਨੇਕਾਂ ਸਮੱਸਿਆਵਾਂ ਹਨ, ਪਰ ਮੁੱਖ ਤੌਰ 'ਤੇ ਮਕਾਨਾਂ ਦੀ ਘਾਟ ਤੇ ਝੁੱਗੀ-ਝੋਪੜੀ, ਭੀੜ, ਪਾਣੀ ਸਪਲਾਈ ਅਤੇ ਸੀਵਰੇਜ, ਆਵਾਜਾਈ ਤੇ ਟਰੈਫਿਕ ਬਿਜਲੀ ਦੀ ਘਾਟ,ਸੈਨੀਟੇਸ਼ਨ ਅਤੇ ਆਬਾਦੀ ਮੁੱਖ ਹਨ। ਇਹਨਾ ਨੂੰ ਹੱਲ ਕੀਤੇ ਬਿਨਾਂ ਸ਼ਹਿਰੀ ਆਬਾਦੀ ਕਦੇ ਵੀ ਸੁੱਖ ਦਾ ਸਾਹ ਲੈਣ ਯੋਗ ਨਹੀਂ ਹੋ ਸਕੇਗੀ।

ਸ਼ਹਿਰੀਕਰਨ ਨੇ ਵੱਡੀਆਂ ਬੁਨਿਆਦੀ ਸਮੱਸਿਆਵਾਂ 'ਚ ਵਾਧਾ ਕੀਤਾ ਹੈ, ਪਰ ਸ਼ਹਿਰੀਕਰਨ ਨੇ ਮਨੁੱਖੀ ਕਦਰਾਂ ਕੀਮਤਾਂ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ ਹੈ। ਵੱਡੇ ਪਰਿਵਾਰ ਟੁੱਟੇ ਹਨ, ਭਾਈਚਾਰਕ ਸਾਂਝ ਘਟੀ ਹੈ, ਫ਼ਿਰਕਾਪ੍ਰਸਤੀ ਵੱਧੀ ਹੈ, ਧਰਮ ਦਾ "ਮਜ਼ਹਬੀ ਬੋਲਬਾਲਾ" ਵਧਿਆ ਹੈ। ਸ਼ਹਿਰਾਂ 'ਚ ਕਰਾਈਮ ਦੀਆਂ ਵਧੀਆਂ ਘਟਨਾਵਾਂ ਨੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਰਿਸ਼ਤੇ ਤਾਰ-ਤਾਰ ਹੋਏ ਹਨ। ਇੱਕ ਤਰਾਂ ਸ਼ਹਿਰੀਕਰਨ ਨੇ ਜਲ-ਜਲੌਅ ਤਾਂ ਪੈਦਾ ਕੀਤਾ ਹੈ, ਗਲੈਮਰ ਵਧਿਆ ਹੈ, ਪਰ ਮਨੁੱਖ ਦਾ ਸੁਭਾਅ ਵੀ ਬਦਲਿਆ ਹੈ। ਇਕਲਾਪੇ ਦਾ ਜੀਵਨ ਸ਼ਹਿਰੀਕਰਨ ਦੀ ਵੱਡੀ ਦੇਣ ਹੈ।

ਬਿਨਾਂ ਸ਼ੱਕ ਮੌਜੂਦਾ ਦੌਰ 'ਚ ਸ਼ਹਿਰੀਕਰਨ ਰੋਕਿਆ ਨਹੀਂ ਜਾ ਸਕਦਾ, ਕਿਉਂਕਿ ਪਿੰਡਾਂ ਨਾਲੋਂ ਸ਼ਹਿਰਾਂ ਨੇ ਸਿਆਸੀ, ਸਮਾਜੀ, ਇਕਾਨਮੀ ਦੇ ਖੇਤਰ 'ਚ ਵੱਡੀ ਤਰੱਕੀ ਕੀਤੀ ਹੈ। ਇਸ ਵੱਡੀ ਤਰੱਕੀ 'ਚ ਸਿੱਖਿਆ, ਸਿਹਤ, ਹਾਊਸਿੰਗ ਸੈਨੀਟੇਸ਼ਨ 'ਚ ਪਿੰਡਾਂ ਨਾਲੋਂ ਸ਼ਹਿਰਾਂ 'ਚ ਸੁਵਿਧਾਵਾਂ ਅਤੇ ਸਹੂਲਤਾਂ ਵੱਡੀਆਂ ਹਨ। ਪਰ ਸ਼ਹਿਰਾਂ ਦੇ ਅਨਿਯਮਿਤ ਵਿਕਾਸ ਅਤੇ ਵਧੇਰੇ ਉਦਯੋਗੀਕਰਨ ਨੇਜਿਸ ਢੰਗ ਨਾਲ ਸ਼ਹਿਰੀ ਜੀਵਨ ਔਖਾ ਕੀਤਾ ਹੈ, ਉਹ ਸਰਕਾਰ ਦਾ ਤੁਰੰਤ ਧਿਆਨ ਮੰਗਦਾ ਹੈ।

ਬਿਨਾਂ ਸ਼ੱਕ ਇਸਦਾ ਇਕੋ ਇੱਕ ਸੁਝਾਇਆ ਜਾ ਰਿਹਾ ਹੱਲ ਸ਼ਹਿਰਾਂ ਦੇ ਬੁਨੀਆਦੀ ਢਾਂਚੇ ਦਾ ਵਿਕਾਸ ਕਿਹਾ ਜਾ ਸਕਦਾ ਹੈ, ਪਰ ਸ਼ਹਿਰ ਦਾ ਵਿਕਾਸ, ਪਿੰਡ ਦੇ ਵਿਕਾਸ ਬਿਨਾਂ ਸੰਭਵ ਨਹੀਂ। ਪਿੰਡ ਦਾ ਸਮੂਹਿਕ ਵਿਕਾਸ, ਸ਼ਹਿਰ ਨੂੰ ਸੌਖਿਆ ਕਰ ਸਕਦਾ ਹੈ ਅਤੇ ਸ਼ਹਿਰੀਕਰਨ ਦਾ ਸ਼ਹਿਰਾਂ ਉਤੇ ਦਬਾਅ ਘਟਾ ਸਕਦਾ ਹੈ। ਇਸ ਲਈ ਪਿੰਡਾਂ 'ਚ, ਉਪ ਸ਼ਹਿਰੀ ਖੇਤਰ 'ਚ ਬਿਹਤਰ ਸਿੱਖਿਆ, ਸਿਹਤ ਸੇਵਾਵਾਂ ਤੇ ਸਹੂਲਤਾਂ 'ਚ ਵਾਧਾ ਅਤੇ ਬੁਨਿਆਦੀ ਢਾਂਚੇ 'ਚ ਨਿਵੇਸ਼ ਵੱਢੀ ਰਾਹਤ ਦੇ ਸਕਦਾ ਹੈ ਅਤੇ ਵੱਧ ਰਹੀਆਂ ਸ਼ਹਿਰੀ ਜੀਵਨ ਦੀਆਂ ਜੱਟਲਤਾਵਾਂ ਨੂੰ ਨਿਪਟਾਣ 'ਚ ਸਹਾਈ ਹੋ ਸਕਦਾ ਹੈ।

# ਪਾਕਿਸਤਾਨੀ ਨੇਤਾਵਾਂ ਦਾ ਕਸ਼ਮੀਰ ਬਾਰੇ ਜਨੂੰਨ

-ਹਰੀ ਜੈਸਿੰਘ-



ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ ਭਾਰਤ ਵੱਲ ਕਿੰਨੀ ਦੋਸਤੀ ਵਾਲੀ ਹੋਵੇਗੀ, ਕਹਿਣਾ ਔਖਾ ਹੈ, ਕਿਉਂਕਿ ਆਪਣੇ ਜਨਮ ਵੇਲੇ ਤੋਂ ਹੀ ਪਾਕਿਸਤਾਨ ਦੇ ਭਾਰਤ ਨਾਲ ਸਬੰਧ ਕਦੀ ਚੰਗੇ ਨਹੀਂ ਰਹੇ। ਇਸਦਾ ਮੁੱਖ ਕਾਰਨ ਆਪਸੀ ਲਾਭ ਲਈ ਭਾਰਤ ਨਾਲ ਆਰਥਿਕ ਸਬੰਧਾਂ ਉੱਤੇ ਸੁਧਾਰ ਕਰਨ ਉੱਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਪਾਕਿਸਤਾਨੀ ਨੇਤਾਵਾਂ ਦੀ ਕਸ਼ਮੀਰ ਉੱਤੇ ਕਬਜ਼ਾ ਕਰਨ ਲਈ ਸਨਕ ਹੈ।

ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਪਿੱਛੋਂ ਆਪਣੇ ਪਹਿਲੇ ਭਾਸ਼ਣ ਉੱਤੇ ਸ਼ਾਹਬਾਜ਼ ਸ਼ਰੀਫ ਨੇ ਵੀ ਕਸ਼ਮੀਰ ਦਾ ਮੁੱਦਾ ਚੁੱਕਿਆ ਤੇ ਦੋਸ਼ ਲਾਇਆ ਕਿ ਕਸ਼ਮੀਰ ਘਾਟੀਦੇ ਲੋਕ ਖ਼ੂਨ ਦੇ ਅੱਥਰੂ ਰੋ ਰਹੇ ਹਨ। ਖ਼ੂਨ ਦੇ ਅੱਥਰੂ? ਸੁਭਾਵਿਕ ਤੌਰ ਉੱਤੇ ਨਵਾਂ ਪ੍ਰਧਾਨ ਮੰਤਰੀ ਆਪਣੇ ਹੀ ਸੁਪਨਿਆਂ ਉੱਤੇਵੱਸਦਾ ਹੈ, ਜੋ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਦੇਸ਼ ਦਾ ਕੋਈ ਭਲਾ ਨਹੀਂ ਕਰੇਗਾ। ਇਸ ਸੰਬੰਧ ਉੱਤੇ ਉਨ੍ਹਾਂ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਗੰਭੀਰ ਅਤੇ ਕੂਟਨੀਤਕ ਯਤਨ ਨਾ ਕਰਨ ਦਾ ਦੋਸ਼ ਲਾ ਕੇ ਹਮਲਾ ਕੀਤਾ ਕਿ ਜਦੋਂ ਭਾਰਤ ਨੇ 2019 ਉੱਤੇ ਆਪਣੇ ਸੰਵਿਧਾਨ ਧਾਰਾ 370 ਖ਼ਤਮ ਕੀਤੀ ਤਾਂ ਇਮਰਾਨ ਖਾਨ ਨੇ ਕੁਝ ਨਹੀਂ ਸੀ ਕੀਤਾ। ਸ਼ਾਹਬਾਜ਼ ਸ਼ਰੀਫ ਏਥੋਂ ਤੱਕ ਕਹਿ ਗਏ ਕਿ ਕਸ਼ਮੀਰੀਆਂ ਦਾ ਖ਼ੂਨ ਕਸ਼ਮੀਰ ਦੀਆਂ ਸੜਕਾਂ ਉੱਤੇ ਵਗ ਰਿਹਾ ਹੈ ਅਤੇ ਘਾਟੀ ਖ਼ੂਨ ਨਾਲ ਲਾਲ ਹੈ। ਉਨ੍ਹਾਂ ਦੀਆਂ ਟਿੱਪਣੀਆਂ ਬਹੁਤ ਜ਼ਿਆਦਾ ਮੂਰਖਤਾਪੂਰਨ ਤੇ ਹੈਰਾਨੀ ਵਾਲੀਆਂ ਹਨ। ਇਹ ਟਿੱਪਣੀਆਂ ਕਸ਼ਮੀਰ ਘਾਟੀ ਉੱਤੇ ਜ਼ਮੀਨੀ ਹਕੀਕਤਾਂ ਨੂੰ ਪੇਸ਼ ਨਹੀਂ ਕਰਦੀਆਂ। ਕਸ਼ਮੀਰ ਬਾਰੇ ਬੋਲਣ ਦੀ ਥਾਂ ਮੈਨੂੰ ਆਸ ਸੀ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਆਪਣੇ ਦੇਸ਼ ਦੀਆਂ ਆਰਥਿਕ ਹਾਲਤਾਂ ਉੱਤੇਵੱਧ ਝਾਤੀ ਮਾਰਨਗੇ। ਇਹ ਕੋਈ ਰਹੱਸ ਨਹੀਂ ਕਿ ਪਾਕਿ-ਸਤਾਨ ਬਹੁਤ ਹੀ ਗੰਭੀਰ ਆਰਥਿਕ ਅਤੇ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜੋ ਤੁਰੰਤ ਧਿਆਨ ਦੇਣ ਦੀ ਮੰਗ ਕਰਦਾ ਹੈ, ਪਰ ਪ੍ਰਵਾਹ ਕਿਸ ਨੂੰ?

ਅਫਸੋਸ ਦੀ ਗੱਲ ਹੈ ਕਿ ਪਾਕਿ-ਸਤਾਨ ਦੀ ਲੀਡਰਸ਼ਿਪ ਦੀ ਗੁਣਵੱਤਾ ਹੈਰਾਨੀਜਨਕ ਤੌਰ ਉੱਤੇ ਘਟੀਆ ਹੈ। ਉਸ ਦੇਸ਼ ਦੀ ਇੱਕ ਪੂਰੀ ਪੀੜ੍ਹੀ ਭਾਰਤ ਵਿਰੋਧੀ ਗੁੱਸੇ ਕਾਰਨ ਆਪਣੀ ਰੋਜ਼ੀ-ਰੋਟੀ ਕਮਾ ਰਹੀ ਹੈ। ਲੋਕਾਂ ਨੂੰ ਸਹੀ ਜਾਣਕਾਰੀ ਨਾ ਦੇਣਾ ਕੱਟੜਵਾਦੀਆਂ ਦੇ ਪੱਖ ਵਿੱਚ ਜਾਂਦਾ ਹੈ। ਇਸਹਾਲਵਿੱਚ ਪਾਕਿਸਤਾਨ ਕਿਵੇਂ ਭਾਰਤ ਚੰਗੇ ਸਬੰਧ ਬਣਾ ਸਕਦਾ ਹੈ।ਅਫਸੋਸ ਹੈ ਕਿ ਪਾਕਿਸਤਾਨ ਨਾਲ ਬੇਭਰੋਸੇਗੀ ਅਤੇ ਸ਼ੱਕ ਦੇ ਮਾਹੌਲ ਉੱਤੇ ਸ਼ਾਂਤੀ ਕਾਇਮ ਨਹੀਂ ਕੀਤੀ ਜਾ ਸਕਦੀ। ਪਾਕਿਸਤਾਨੀ ਨੇਤਾਵਾਂ ਦੇ ਇਰਾਦਿਆਂ ਤੇ ਮਕਸਦਾਂ ਬਾਰੇ ਅਸਲੀਅਤ ਹੋਣੀ ਚਾਹੀਦੀ ਹੈ। ਦੇਸ਼ ਦੇ ਸੱਤਾਧਾਰੀ ਵਿਅਕਤੀਆਂ ਉੱਤੇ ਇਹ ਚੀਜ਼ ਕਿਤੇ ਨਹੀਂ ਹੈ। ਇਹ ਵਧਾ-ਚੜ੍ਹਾ ਕੇ ਕਹੀ ਗੱਲ ਨਹੀਂ ਕਿ ਕੱਟੜਵਾਦ ਨੂੰ ਸ਼ਹਿ ਦੇਣ ਲਈ ਪਾਕਿ-ਸਤਾਨਵਿੱਚ ਜੋ ਕੁਝ ਵੀ ਕੀਤਾ ਜਾ ਰਿਹਾ ਹੈ, ਕਾਫੀ ਪ੍ਰੇਸ਼ਾਨ ਕਰਨ ਵਾਲਾ ਹੈ। ਮੇਰਾ ਮੰਨਣਾ ਹੈ ਕਿ ਧਾਰਮਿਕ ਅੱਤਵਾਦ ਅਤੇ ਇਸਲਾਮਿਕ ਕੱਟੜਵਾਦ ਦੀਆਂ ਤਾਕਤਾਂ ਨੂੰ ਹੋਰ ਵੱਧ ਸ਼ਹਿ ਦੇਣੀ ਲੰਬੇ ਸਮੇਂਤੱਕਖੁਦ ਉਸ ਦੇ ਲਈ ਖਤਰਨਾਕ ਸਾਬਤ ਹੋਵੇਗੀ। ਉਸ ਦੇਸ਼ ਦੇ ਸਾਹਮਣੇ ਅੱਜ ਚੁਣੌਤੀ ਅਰਥਵਿਵਸਥਾ ਨੂੰ ਵਾਪਸ ਪਟੜੀ ਉੱਤੇ ਲਿਆਉਣ ਦੀ ਹੈ। ਇੰਨੀ ਹੀ ਮਹੱਤਵਪੂਰਨ ਲੜਾਈ ਅਨਪੜ੍ਹਤਾ ਤੇ ਵਿਕਾਸ ਦੀ ਘਾਟ ਵਿਰੁੱਧ ਹੈ।ਇਸਲਾਮਿਕ ਬੰਬ ਬਣਾਉਣ ਦੀਆਂ ਗੱਲਾਂ ਕਰਨਾ ਅੱਤਵਾਦ ਦੇ ਪੱਖੋਂ ਸੰਤੁਲਨ ਬਣਾਵੇਗਾ, ਪਰ ਇਹ ਲੋਕਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਭੋਜਨ, ਪਾਣੀ, ਰਿਹਾਇਸ਼ ਅਤੇ ਕੱਪੜੇ ਦੀ ਪੂਰਤੀ ਨਹੀਂ ਕਰ ਸਕਦਾ ਅਤੇ ਨਾ ਨੌਜਵਾਨਾਂ ਲਈ ਲੋੜੀਂਦੇ ਰੋਜ਼ਗਾਰ ਪੈਦਾ ਕਰਨੇ ਹੋਣਗੇ।

ਪਾਕਿਸਤਾਨ ਨੂੰ ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਕੱਟੜਵਾਦ ਇੱਕ ਜਾਨਲੇਵਾ ਖੇਡ ਹੈ। ਜਦੋਂ ਸੱਤਾ ਹਾਸਲ ਕਰਨ ਲਈ ਇਸ ਨੂੰ ਬੇਲਗਾਮ ਛੱਡ ਦਿੱਤਾ ਜਾਵੇ ਤਾਂ ਇਹ ਭਿਆਨਕ ਮੋੜ ਲੈ ਲੈਂਦੀ ਹੈ। ਦੂਸਰੇ ਪਾਸੇ ਜ਼ਮੀਨੀ-ਸਿਆਸੀ ਹਕੀਕਤਾਂ ਦੀ ਵੱਧ ਹਾਂ-ਪੱਖੀ ਸਮਝ ਉਸ ਦੇਸ਼ ਦੇ ਕੁਲੀਨ ਵਰਗ ਨੂੰ ਤਰਕਪੂਰਨ ਚੀਜ਼ਾਂਦੀ ਮਦਦ ਕਰ ਸਕਦੀ ਹੈ।ਅੱਜ ਪਾਕਿਸਤਾਨ 'ਨੋ-ਵਿਨ' ਸਥਿਤੀਵਿੱਚ ਹੈ। ਜਦੋਂ ਤੱਕ ਕਿ ਉਹ ਆਪਣੇ ਨੇੜਲੇ ਗੁਆਂਢੀ ਭਾਰਤ ਨਾਲ ਹਮਲਾਵਰਪੁਣੇ ਤੇ ਦੁਸ਼ਮਣੀ ਵਾਲੇ ਵਤੀਰੇ ਨੂੰ ਨਹੀਂ ਬਦਲਦਾ, ਇਹ ਅਜਿਹਾ ਹੀ ਰਹੇਗਾ। ਮੈਂ ਆਸ ਕਰਦਾ ਹਾਂ ਕਿ ਸ਼ਾਹਬਾਜ਼ ਸ਼ਰੀਫ ਮੇਰੀ ਗੱਲ ਉੱਤੇ ਗੌਰ ਕਰਨਗੇ ਅਤੇ ਭਾਰਤ ਨਾਲ ਦੁਸ਼ਮਣੀ ਦੇ ਖਤਰਨਾਕ ਰਸਤੇ ਨੂੰ ਨਹੀਂ ਅਪਣਾਉਣਗੇ।

ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਕਸ਼ਮੀਰ ਘਾਟੀ ਦੀ ਬਦਲਦੀ ਸਥਿਤੀ ਨੂੰ ਸਮਝੇ ਬਿਨਾਂ ਕਸ਼ਮੀਰ ਦੀ ਗੱਲ ਕਰਦੇ ਹਨ। ਕਸ਼ਮੀਰ ਦੀ ਸੱਚਾਈ ਓਨੀ ਸਾਧਾਰਨ ਨਹੀਂ, ਜਿੰਨੀ ਪਾਕਿਸਤਾਨ ਸੋਚਦਾ ਹੈ। ਬੀਤੇ ਵਿੱਚ ਉਹ ਸਵੈ-ਨਿਰਣੇ ਦੇ ਅਧਿਕਾਰ ਅਤੇ ਰਾਏਸ਼ੁਮਾਰੀ ਦੀ ਗੱਲ ਕਰਦੇ ਸਨ।ਸਮਾਂ ਬਦਲ ਗਿਆ ਹੈ। ਅੱਜਕੱਲ੍ਹ ਅਸੀਂ ਕਸ਼ਮੀਰ ਨੂੰ ਧਾਰਮਿਕ ਕੱਟੜਵਾਦ ਦੇ ਅਰਥਾਂਵਿੱਚ ਨਹੀਂ ਦੇਖ ਸਕਦੇ। ਜੋ ਵੀ ਹੋਵੇ, ਇਹ ਪੁੱਛਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕਸ਼ਮੀਰੀਆਂ ਬਾਰੇ ਬੋਲਣ ਦਾ ਹੱਕਕਿਸ ਨੇ ਦਿੱਤਾ? ਕੀ ਇਸ ਸੋਚ ਨੂੰ ਇਸ ਤੱਥ ਨਾਲ ਬਲ ਮਿਲਿਆ ਹੈ ਕਿ ਘਾਟੀਵਿੱਚ ਰਹਿਣ ਵਾਲੇ ਵਧੇਰੇ ਲੋਕ ਉਨ੍ਹਾਂ ਦੇ ਧਰਮ ਦੇ ਹਨ? ਜੇ ਅਜਿਹਾ ਹੈ ਤਾਂ ਕੀ ਉਹ ਭਾਰਤਵਿੱਚ ਬਾਕੀ ਮੁਸਲਮਾਨਾਂ ਬਾਰੇ ਬੋਲਣ ਦਾ ਵੀ ਦਾਅਵਾ ਕਰਨਗੇ?ਇਹ ਪੁੱਛਿਆ ਜਾ ਸਕਦਾ ਹੈ ਕਿ ਕਿਵੇਂ ਬੇਲਗਾਮ ਬੋਲਣਾ ਪਾਕਿਸਤਾਨੀਆਂ ਦੀ ਮਦਦ ਕਰ ਸਕਦਾ ਹੈ? ਕੀ ਉਹ ਇੱਕ ਹੋਰ ਬਟਵਾਰਾ ਚਾਹੁੰਦੇ ਹਨ ਜਾਂ ਇੱਕ ਹੋਰ ਫਿਰਕੂ ਤਬਾਹੀ ਅਤੇ ਖ਼ੂਨ-ਖਰਾਬਾ। ਯਕੀਨੀ ਤੌਰ ਉੱਤੇ ਉਪ-ਮਹਾਦੀਪਵਿੱਚ ਸ਼ਾਂਤੀ ਅਤੇ ਤਾਲਮੇਲ ਦੇ ਹੱਲ ਦਾ ਇਹ ਭਾਰਤ ਦਾ ਵਿਚਾਰ ਨਹੀਂ ਹੈ।

ਭਾਰਤ ਧਰਮਨਿਰਪੱਖ ਦੇਸ਼ ਹੈ, ਇਸ ਲਈ ਕਦੀ ਵੀ ਫਿਰਕੂ ਤੇ ਧਾਰਮਿਕ ਕਾਰਨਾਂ ਕਰ ਕੇ ਕਿਸੇ ਦੇਸ਼ ਦਾ ਅੱਗੇ ਬਟਵਾਰਾ ਅਤੇ ਉਪ-ਬਟਵਾਰੇ ਦਾ ਹਿੱਸਾ ਨਹੀਂ ਬਣੇਗਾ। ਜੋ ਵੀ ਹੋਵੇ ਉਪ-ਮਹਾਦੀਪ ਨੂੰ ਬਟਵਾਰੇ ਦੇ ਸਦਮੇਂ ਤੋਂ ਬਾਹਰ ਆਉਣਾ ਹੋਵੇਗਾ।ਜਿਸ ਮੁੱਢਲੇ ਤੱਥ ਨੂੰ ਪਾਕਿਸਤਾਨੀ ਨੇਤਾਵਾਂ ਨੂੰ ਹਮੇਸ਼ਾ ਆਪਣੇ ਦਿਮਾਗ਼ਵਿੱਚ ਰੱਖਣਾ ਹੋਵੇਗਾ, ਉਹ ਇਹ ਕਿ ਕਿਸੇ ਵੀ ਹਾਲਾਤਕਦੀ ਵੀ ਭਾਰਤੀ ਅਧਿਕਾਰੀ ਅਜਿਹਾ ਫਾਰਮੂਲਾ ਪ੍ਰਵਾਨ ਨਹੀਂ ਕਰਨਗੇ ਜੋ ਭਾਰਤੀ ਧਰਮਨਿਰਪੱਖਤਾ ਦੀ ਨੀਂਹ ਤੇ ਇਸ ਮਹਾਨ ਦੇਸ਼ ਦੇ ਉਦਾਰ ਸੱਭਿਅਤਾ ਵਾਲੀਆਂ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਦਾ ਹੋਵੇ।

# ਉਜੜਿਆ ਘਰ ਨਸ਼ੇੜੀਆਂ ਦਾ ਅੱਡਾ ਬਣ ਜਾਂਦਾ ਹੈ



ਜੀਵਨ ਵਿੱਚ ਕਲੇਸ਼, ਕਲੇਸ਼ ਅਤੇ ਅਨੇਕਾਂ ਦੁੱਖ ਹਨ। ਇਹ ਚੀਜ਼ਾਂ ਜ਼ਿੰਦਗੀ ਨੂੰ ਡਰਾਉਣੀ, ਪਰ ਦਿਲਚਸਪ, ਚੁਣੌਤੀਪੂਰਨ ਅਤੇ ਜਿਉਣ ਯੋਗ ਬਣਾਉਂਦੀਆਂ ਹਨ। ਹਰ ਵਿਅਕਤੀ ਦਾ ਜੀਵਨ ਦਾ ਆਪਣਾ ਫਲਸਫਾ, ਵੱਖਰੀ ਸੋਚ ਹੁੰਦੀ ਹੈ। ਜੇਕਰ ਸਹੀ ਢੰਗ ਨਾਲ ਸਿੱਖਿਆ ਦਿੱਤੀ ਜਾਵੇ ਤਾਂ ਜੀਵਨ ਸਾਰਥਕ ਹੋ ਸਕਦਾ ਹੈ। ਜ਼ਿੰਦਗੀ ਹਰ ਪੱਖ ਤੋਂ ਜੀਣ ਦਾ ਨਾਮ ਹੈ। ਇਸ ਨੂੰ ਹੱਸਣਾ ਬਿਹਤਰ ਹੈ, ਇਸ ਨੂੰ ਨਿਰਸਵਾਰਥ ਢੰਗ ਨਾਲ ਜੀਓ.

ਤਪਦੀ ਦੁਪਹਿਰ ਨੂੰ ਇੱਕ ਨੌਜਵਾਨ ਆਇਆ ਅਤੇ ਉਸਦੀ ਇੱਕ ਸਕੀਮ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਰਨ ਲੱਗਾ। ਉਨ੍ਹਾਂ ਆਪਣੀ ਸਵੈ-ਸੇਵੀ ਸੰਸਥਾ ਬਾਰੇ ਦੱਸਿਆ। ਸਮਾਜ ਸੇਵਾ ਦੇ ਨਾਂ 'ਤੇ ਕਈ ਐਨ.ਜੀ.ਓਜ਼ ਚੱਲ ਰਹੀਆਂ ਹਨ। ਕਈ ਆਪਣੇ ਗੁਜ਼ਾਰੇ ਲਈ ਐਨਜੀਓ ਚਲਾ ਰਹੇ ਹਨ। ਵੈਸੇ ਤਾਂ ਹਰ ਇਨਸਾਨ ਇਸ ਦੁਨੀਆਂ ਵਿਚ ਆਪਣੀ ਜ਼ਿੰਦਗੀ ਲਈ ਕੁਝ ਨਾ ਕੁਝ ਜ਼ਰੂਰ ਕਰਦਾ ਹੈ। ਨੌਜਵਾਨਾਂ ਨੇ ਆਪਣੀ ਐਨ.ਜੀ.ਓ ਦੇ ਉਦੇਸ਼ਾਂ ਬਾਰੇ ਦੱਸਿਆ- ਅਸੀਂ ਅਨਾਥ, ਬੇਘਰ, ਬੱਚਿਆਂ ਅਤੇ ਬਜ਼ੁਰਗਾਂ, ਮਰਦਾਂ ਅਤੇ ਔਰਤਾਂ ਦੀ ਕਾਨੂੰਨੀ ਅਤੇ ਆਰਥਿਕ ਤੌਰ 'ਤੇ ਬਿਨਾਂ ਜਾਤ ਜਾਂ ਧਰਮ ਦੇ ਭੇਦਭਾਵ ਤੋਂ ਮਦਦ ਕਰਾਂਗੇ। ਅਤੇ ਹੋਰ ਵੀ ਬਹੁਤ ਕੁਝ, ਜੋ ਉਸਦੀ ਯੋਜਨਾ ਵਿੱਚ ਸੀ, ਚੰਗੀ ਤਰ੍ਹਾਂ ਪਹੁੰਚ-ਾਇਆ ਗਿਆ ਸੀ.

ਕੁਝ ਦਿਨ ਪਹਿਲਾਂ ਉਸ ਨੇ ਇਲਾਕੇ ਵਿੱਚ ਇੱਕ ਖੰਡਰ ਹੋਣ ਦੀ ਖ਼ਬਰ ਲਿਆਂਦੀ ਸੀ, ਜਿਸ ਵੱਲ ਕਿਸੇ ਦੀ ਨਜ਼ਰ ਵੀ ਨਹੀਂ ਪੈਂਦੀ। ਰਾਤ ਦੇ ਹਨੇਰੇ 'ਚ ਅਣਪਛਾਤੇ ਨੌਜਵਾਨ ਉਥੇ ਆ ਕੇ ਨਸ਼ਾ ਕਰ ਲੈਂਦੇ ਹਨ। ਸ਼ੁਰੂ ਵਿਚ ਉਸ ਦੀਆਂ ਇਹ ਗੱਲਾਂ ਮਾਮੂਲੀ ਲੱਗਦੀਆਂ ਸਨ। ਇਸ ਲਈ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ। ਪਰ ਉਹ ਆਪਣੀ ਪੂਰੀ ਕੋਸ਼ਿਸ਼ ਕਰਦਾ ਰਿਹਾ। ਜਦੋਂ ਵੀ ਉਹ ਮੇਰੇ ਕੋਲ ਆਉਂਦਾ ਤਾਂ ਸਾਰਾ ਘਟਨਾਕ੍ਰਮ ਬਿਆਨ ਕਰਦਾ। ਮੁੱਕਦੀ ਗੱਲ ਇਹ ਹੈ ਕਿ ਉਹ ਇਸ ਮਾਮਲੇ ਨੂੰ ਲੈ ਕੇ ਲਗਾਤਾਰ ਮੀਡੀਆ, ਪੁਲਿਸ ਅਤੇ ਜ਼ਿਲ੍ਹਾ ਕੁਲੈਕਟਰ ਨੂੰ ਮਿਲਦਾ ਹੈ। ਨਸ਼ੇੜੀਆਂ ਦਾ ਅੱਡਾ ਬਣ ਚੁੱਕੇ ਖੰਡਰ ਉਸ ਦੀ ਚਿੰਤਾ ਦਾ ਵਿਸ਼ਾ ਬਣ ਗਏ ਹਨ।

ਕਿੰਨਾ ਕਠੋਰ, ਬੇਰਹਿਮ ਅਤੇ ਅਸੰਵੇਦਨਸ਼ੀਲ ਸਿਸਟਮ ਹੈ, ਜੋ ਹਰ ਕਦਮ 'ਤੇ ਮਜ਼ਦੂਰ ਦੀ ਪਰਖ ਕਰਦਾ ਹੈ। ਦਿਨ ਵੇਲੇ ਤਾਰੇ ਦਿਖਾਉਂਦਾ ਹੈ। ਪੁਲਿਸ ਦਾ ਰਵੱਈਆ ਹਰ ਕੋਈ ਜਾਣਦਾ ਹੈ। ਸਰਕਾਰੀ ਵਿਭਾਗ ਵੈਸੇ ਵੀ ਆਪਣੀ ਖੁਸ਼ੀ ਵਿੱਚ ਕੰਮ ਕਰਦੇ ਹਨ। ਇਸ ਦੇ ਬਾਵਜੂਦ ਉਹ ਆਪਣੇ ਮਿਸ਼ਨ 'ਤੇ ਜਾਰੀ ਹੈ। ਉਹ ਸਭ ਕੁਝ ਸਹੀ ਤਰੀਕੇ ਨਾਲ ਕਰਦਾ ਹੈ। ਸਭ ਤੋਂ ਪਹਿਲਾਂ ਉਸ ਨੇ ਇਲਾਕੇ ਦਾ ਵਟਸਐਪ ਗਰੁੱਪ ਬਣਾ ਕੇ ਪੰਜ ਸੌ ਘਰਾਂ ਦੀ ਆਬਾਦੀ ਵਿੱਚੋਂ ਅੱਸੀ ਪਰਿਵਾਰਾਂ ਨੂੰ ਜੋੜਿਆ। ਇੱਕ ਨਿਯਮ ਬਣਾਇਆ ਗਿਆ ਸੀ ਕਿ ਇਲਾਕੇ ਦੀਆਂ ਸਮੱਸਿਆਵਾਂ ਤੋਂ ਇਲਾਵਾ ਕੋਈ ਵੀ ਧਾਰਮਿਕ, ਸਿਆਸੀ ਫੋਟੋ, ਗੁੱਡ ਮਾਰਨਿੰਗ ਆਦਿ ਗਰੁੱਪ ਵਿੱਚ ਨਹੀਂ ਪਾ ਸਕਦਾ।

ਮੁਹੱਲਾ ਹੋਵੇ ਜਾਂ ਕਿਸੇ ਵੀ ਸ਼ਹਿਰ ਦਾ ਕੋਈ ਹੋਰ ਇਲਾਕਾ, ਹਰ ਕਿਸੇ ਨੂੰ ਆਪਣੇ ਅੰਦਰ ਹੀ ਸੀਮਤ ਰਹਿਣ ਦੀ ਆਦਤ ਪੈ ਗਈ ਹੈ। ਗੁਆਂਢੀ ਤੋਂ ਗੁਆਂਢੀ ਹੁਣ ਕੋਈ ਚਿੰਤਾ ਨਹੀਂ ਹੈ, ਜਦੋਂ ਤੱਕ ਵਿਅਕਤੀ ਵਿੱਚ ਕੁਝ ਸੁਆਰਥ ਨਹੀਂ ਹੁੰਦਾ. ਇਸ ਲਈ ਮੁਹੱਲਾ ਵਾਸੀ ਪੂਰੀ ਤਰ੍ਹਾਂ ਆਪਣੇ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਤ ਰਹਿੰਦੇ ਸਨ। ਹੁਣ ਇੱਕ-ਇੱਕ ਕਰਕੇ ਇਲਾਕੇ ਦੀਆਂ ਸਮੱਸਿਆਵਾਂ ਸਾਹਮਣੇ ਆਉਣ ਲੱਗ ਪਈਆਂ ਹਨ-ਨਾਲੀਆਂ ਮਲਬੇ ਨਾਲ ਭਰੀਆਂ ਪਈਆਂ ਹਨ, ਕਿੰਨੇ ਦਿਨ ਹੋ ਗਏ ਹਨ? ਪਾਣੀ ਦੀ ਟੈਂਕੀ ਦੀ ਸਫ਼ਾਈ ਨਹੀਂ ਕਰਵਾਈ ਗਈ, ਹਰ ਛੇ ਮਹੀਨੇ ਬਾਅਦ ਪਾਣੀ ਦੀ ਟੈਂਕੀ ਦੀ ਸਫ਼ਾਈ ਕਰਵਾਈ ਜਾਵੇ। ਕਿੰਨੇ ਦਿਨਾਂ ਤੋਂ ਸੜਕ 'ਤੇ ਸਫ਼ਾਈ ਕਰਨ ਵਾਲੇ ਨਹੀਂ ਆ ਰਹੇ? ਨਾਲਾ ਟੁੱਟਿਆ ਹੋਇਆ ਹੈ, ਗੰਦਾ ਪਾਣੀ ਸੜਕ 'ਤੇ ਫੈਲ ਰਿਹਾ ਹੈ।

ਸਵਾਲ ਉੱਠਿਆ- 'ਡਰੇਨਾਂ ਦੀ ਮੁਰੰਮਤ ਹੋਣੀ ਚਾਹੀਦੀ ਹੈ।' ਚੋਣ ਜਿੱਤਣ ਤੋਂ ਬਾਅਦ ਕੌਂਸਲਰ ਮੁੜ ਮੁਹੱਲੇ ਵਿੱਚ ਨਹੀਂ ਆਉਂਦਾ, ਇਲਾਕਾ ਵਾਸੀ ਕਿਸ ਹਾਲਤ ਵਿੱਚ ਰਹਿ ਰਹੇ ਹਨ। ਸਵਾਲਾਂ 'ਤੇ ਸਵਾਲ, ਕਈ ਸਮੱਸਿਆਵਾਂ ਅਤੇ ਸੁਝਾਵਾਂ ਦੀ ਵਰਖਾ ਸ਼ੁਰੂ ਹੋ ਗਈ। ਲੋਕਾਂ ਵਿਚ ਦੁਆਵਾਂ, ਨਮਸਕਾਰ, ਸ਼ੁਭਕਾਮਨਾਵਾਂ ਆਦਿ ਦਾ ਅਦਾਨ-ਪ੍ਰਦਾਨ ਹੋਣ ਲੱਗਾ। ਹਰ ਕਿਸੇ ਨੂੰ ਕਿਸੇ ਨਾ ਕਿਸੇ ਦੇ ਡੇਂਗੂ ਦੀ ਖ਼ਬਰ ਮਿਲ ਜਾਂਦੀ। ਪਾਣੀ ਦੀ ਟੈਂਕੀ ਦੀ ਸਫ਼ਾਈ ਕਰਵਾਈ ਜਾਂਦੀ ਹੈ, ਟੁੱਟੇ ਨਾਲੇ ਦੀ ਮੁਰੰਮਤ ਕਰਵਾਈ ਜਾਂਦੀ ਹੈ। ਇਲਾਕਾ ਨਿਵਾਸੀਆਂ ਦੇ ਅਣਥੱਕ ਯਤਨਾਂ ਸਦਕਾ ਇੱਕ ਦਿਨ ਨਸ਼ਾਖੋਰੀ ਦੀ ਗ੍ਰਿਫਤ ਵਿੱਚ ਆ ਜਾਂਦੇ ਹਨ। ਹੁਣ ਪੁਲਿਸ ਨੇ ਗਸ਼ਤ ਸ਼ੁਰੂ ਕਰ ਦਿੱਤੀ ਹੈ। ਸਥਾਨਕ ਮੀਡੀਆ ਵੀ ਸਰਗਰਮ ਹੋ ਗਿਆ ਹੈ।

ਸਮੱਸਿਆਵਾਂ ਹਰ ਸ਼ਹਿਰ ਵਿੱਚ ਹਨ। ਪਰ ਨਾਗਰਿਕਾਂ ਨੂੰ ਆਪਣੇ ਜਮਹੂਰੀ ਹੱਕਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਾਫ਼ ਪਾਣੀ, ਬਿਜਲੀ ਅਤੇ ਸਾਫ਼ ਇਲਾਕਾ ਮਿਲਣਾ ਚਾਹੀਦਾ ਹੈ। ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ, ਸਮੱਸਿਆਵਾਂ, ਜਿਨ੍ਹਾਂ ਨੂੰ ਅਸੀਂ ਨਜ਼ਰਅੰਦਾਜ਼ ਕਰਦੇ ਰਹਿੰਦੇ ਹਾਂ। ਕਿਉਂਕਿ ਅਸੀਂ ਅਖੌਤੀ ਸ਼ਹਿਰੀ ਮੱਧ ਵਰਗ ਆਪਣੇ ਘਰ ਤੋਂ ਨੌਕਰੀ ਜਾਂ ਦੁਕਾਨ ਅਤੇ ਘਰ ਵੱਲ ਵਧਦੇ ਰਹਿੰਦੇ ਹਾਂ। ਸਾਡੀਆਂ ਸਮਾਜਿਕ ਚਿੰਤਾਵਾਂ ਖਤਮ ਹੋ ਗਈਆਂ ਹਨ, ਸਮਾਜਿਕ ਦੂਰੀ ਵਧ ਰਹੀ ਹੈ। ਇਕੱਠੇ ਹੋ ਕੇ ਅਸੀਂ ਆਪਣੀ ਆਵਾਜ਼ ਬੁਲੰਦ ਕਰਨ ਤੋਂ ਅਸਮਰੱਥ ਹਾਂ, ਕਿਉਂਕਿ ਅਸੀਂ ਸਿਆਸੀ ਪਾਰਟੀਆਂ ਦੇ ਡੇਰੇ ਵਿਚ ਵੰਡੇ ਹੋਏ ਹਾਂ, ਜਦੋਂ ਕਿ ਅਸੀਂ ਇਲਾਕੇ ਵਿਚ ਰਹਿ ਸਕਦੇ ਹਾਂ। ਹਰ ਕੋਈ ਇਸ ਗੱਲ ਦਾ ਹੁਣ ਬੜੇ ਜੋਸ਼ ਨਾਲ ਅਹਿਸਾਸ ਕਰਨ ਲੱਗਾ ਹੈ। ਇਲਾਕੇ ਵਿੱਚ ਭਾਈਚਾਰੇ ਦੀ ਭਾਵਨਾ ਹੈ। ਇਲਾਕੇ ਦੀਆਂ ਛੋਟੀਆਂ-ਵੱਡੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ।

ਇੱਕੀਵੀਂ ਸਦੀ ਵਿੱਚ ਪਰ ਸਮਾਜ ਅਤੇ ਪਰਿਵਾਰ ਦਾ ਰੂਪ ਬਦਲ ਰਿਹਾ ਹੈ। ਭਾਰਤੀ ਸੱਭਿਆਚਾਰ ਹੁਣ ਕਿਤਾਬਾਂ ਜਾਂ ਨੇਤਾਵਾਂ ਦੇ ਭਾਸ਼ਣਾਂ ਵਿੱਚ ਸੁਣਨ ਨੂੰ ਮਿਲਦਾ ਹੈ। ਮੁਹੱਲਾ ਵਾਸੀ ਆਧੁਨਿਕ ਰੰਗਾਂ ਵਿੱਚ ਡੁੱਬ ਕੇ ਭਾਈਚਾਰਕ ਸਾਂਝ, ਆਂਢ-ਗੁਆਂਢ ਅਤੇ ਸਮਾਜਵਾਦ ਤੋਂ ਦੂਰ ਹੁੰਦੇ ਜਾ ਰਹੇ ਹਨ। ਅਜਿਹੀ ਸਥਿਤੀ ਵਿੱਚ ਸਾਡੀ ਐਨਜੀਓ ਯੁਵਕ ਵਰਗੇ ਨੌਜਵਾਨਾਂ ਦੀ ਸਰਗਰਮੀ ਦਾ ਭਰੋਸਾ ਦਿਵਾਉਂਦਾ ਹੈ। ਅੱਜ ਜਦੋਂ ਬਹੁਤ ਸਾਰੇ ਨੌਜਵਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਤਾਂ ਇਲਾਕੇ ਨੂੰ ਇਕਜੁੱਟ ਕਰਨ ਲਈ ਇਕ ਨੌਜਵਾਨ ਦੀ ਪਹਿਲਕਦਮੀ ਵਿਸ਼ਵਾਸ ਦਿੰਦੀ ਹੈ।

*-ਵਿਜੇ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਹਲਕਾ-ਫੁਲਕਾ



ਚਿੰਪੂ (ਡਾਕਟਰ ਨੂੰ), "ਤੁਸੀਂ ਨਰਸ ਬਹੁਤ ਹੀ ਚੰਗੀ ਰੱਖੀ ਹੈ, ਉਸਦੇ ਹੱਥ ਲਾਉਂਦੇ ਹੀ ਮੈਂ ਠੀਕ ਹੋ ਗਿਆ।"
ਡਾਕਟਰ, "ਮੈਂ ਜਾਣਦਾ ਹਾਂ, ਹੱਥ ਲੱਗਣ ਦੀ ਆਵਾਜ਼ ਬਾਹਰ ਬੈਠੇ ਨੂੰ ਮੈਨੂੰ ਸੁਣ ਗਈ ਸੀ।"

********

ਮਾਲਕ (ਨੌਕਰ ਨੂੰ), "ਜ਼ਰਾ ਦੇਖ ਕੇ ਦੱਸੀਂ ਕਿ ਟਾਈਮ ਕਿੰਨਾ ਹੋ ਗਿਐ?"
ਨੌਕਰ, "ਜੀ, ਮੈਨੂੰ ਟਾਈਮ ਦੇਖਣਾ ਨਹੀਂ ਆਉਂਦਾ।"
ਮਾਲਕ, "ਅੱਛਾ ਤਾਂ ਇਹ ਦੇਖ ਕੇ ਦੱਸ ਕਿ ਛੋਟੀ ਸੂਈ ਤੇ ਵੱਡੀ ਸੂਈ ਕਿਥੇ ਹਨ।"
ਨੌਕਰ, "ਸਾਬ੍ਹ ਜੀ, ਦੋਵੇਂ ਸੂਈਆਂ ਘੜੀ ਵਿੱਚ ਹੀ ਹਨ।"

********

ਪੱਪੂ ਦੀ ਦੋ ਕਰੋੜ ਦੀ ਲਾਟਰੀ ਨਿਕਲੀ..
ਲਾਟਰੀਵਾਲਾ, "ਸਰ, ਤੁਹਾਨੂੰ ਟੈਕਸ ਕੱਟ ਕੇ 1.75 ਕਰੋੜ ਮਿਲਣਗੇ।"
ਪੱਪੂ, "ਅਜਿਹਾ ਕਿਉਂ, ਮੈਂ ਦੋ ਕਰੋੜ ਦੀ ਲਾਟਰੀ ਦਾ ਟਿਕਟ ਖ਼ਰੀਦਿਆ ਸੀ?"
ਲਾਟਰੀਵਾਲਾ, "ਦੇਖੋ ਸਰ, ਸਰਕਾਰ ਟੈਕਸ ਕੱਟ ਕੇ ਪੈਸੇ ਦਿੰਦੀ ਹੈ।"
ਪੱਪੂ, "ਇਹ ਗ਼ਲਤ ਹੈ, ਮੈਨੂੰ ਮੇਰੇ ਪੂਰੇ ਦੋ ਕਰੋੜ ਦਿਓ ਨਹੀਂ ਤਾਂ ਮੇਰੇ ਟਿਕਟ ਦੇ 100 ਰੁਪਏ ਵਾਪਸ ਕਰੋ।"




# ਗੈਂਗਸਟਰ ਤੋਂ ਅੱਤਵਾਦੀ ਬਣੇ ਅਰਸ਼ ਡੱਲਾ ਦੇ ਦੋ ਸਾਥੀ ਐਮ.ਪੀ. -5 ਗੰਨ ਅਤੇ 44 ਜ਼ਿੰਦਾ ਕਾਰਤੂਸਾਂ ਸਮੇਤ ਕਾਬੂ

ਚੰਡੀਗੜ੍ਹ, 18 ਅਪ੍ਰੈਲ (ਪੋਸਟ ਬਿਊਰੋ): ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਵਿਦੇਸ਼ ਅਧਾਰਤ ਦੇਸ਼ ਵਿਰੋਧੀ ਅਨਸਰਾਂ ਦੀਆਂ ਸੰਭਾਵਿਤ ਕੋਸ਼ਿਸ਼ਾਂ ਨੂੰ ਨਾਕਾਮ ਕਰਦਿਆਂ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਨੇ ਅੱਜ ਭਗੌੜੇ ਗੈਂਗਸਟਰ ਤੋਂ ਅੱਤਵਾਦੀ ਬਣੇ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ ਦੇ ਦੋ ਨਜ਼ਦੀਕੀ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਹਰਸ਼ ਕੁਮਾਰ ਅਤੇ ਉਸ ਦੇ ਸਾਥੀ ਰਾਘਵ ਜੋ ਦੋਵੇਂ ਕੋਟ ਈਸੇ ਖਾਂ ਜ਼ਿਲ੍ਹਾ ਮੋਗਾ ਦੇ ਵਸਨੀਕ ਹਨ, ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਕੋਲੋਂ 44 ਜਿੰਦਾ ਕਾਰਤੂਸਾਂ ਸਮੇਤ ਵਿਦੇਸ਼ੀ ਐਮਪੀ-5 ਗੰਨ ਵੀ ਬਰਾਮਦ ਕੀਤੀ ਹੈ।

ਹੋਰ ਵੇਰਵੇ ਦਿੰਦਿਆਂ, ਡੀਜੀਪੀ ਪੰਜਾਬ ਵੀ.ਕੇ. ਭਾਵਰਾ ਨੇ ਦੱਸਿਆ ਕਿ ਖੁਫੀਆ ਏਜੰਸੀ ਦੀ ਅਗਵਾਈ ਵਿੱਚ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.), ਅੰਮ੍ਰਿਤਸਰ ਦੀ ਟੀਮ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਹਰਸ਼ ਨੇ ਖੁਲਾਸਾ ਕੀਤਾ ਕਿ ਉਹ ਮੋਗਾ ਦੇ ਪਿੰਡ ਸ਼ਾਦੀਵਾਲਾ ਦੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਰਾਹੀਂ ਅਰਸ਼ ਡੱਲਾ ਦੇ ਸੰਪਰਕ ਵਿੱਚ ਆਇਆ ਸੀ, ਜਿਸ ਨੂੰ ਮੋਗਾ ਪੁਲਿਸ ਨੇ ਜਨਵਰੀ 2022 ਵਿੱਚ ਹੱਥ ਗੋਲਿਆਂ ਅਤੇ ਹਥਿਆਰਾਂ ਦੀ ਖੇਪ ਸਮੇਤ ਗ੍ਰਿਫ਼ਤਾਰ ਕੀਤਾ ਸੀ।
ਡੀਜੀਪੀ ਨੇ ਦੱਸਿਆ ਕਿ ਗੋਪੀ ਦੀ ਗ੍ਰਿਫਤਾਰੀ ਤੋਂ ਬਾਅਦ, ਅਰਸ਼ ਡੱਲਾ ਨੇ ਐਨਕ੍ਰਿਪਟਡ ਐਪਸ ਰਾਹੀਂ ਹਰਸ਼ ਕੁਮਾਰ ਨਾਲ ਸੰਪਰਕ ਬਣਾਇਆ ਅਤੇ ਉਸਨੂੰ ਆਪਣੇ ਲਈ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਅੱਗੇ ਦੱਸਿਆ ਕਿ ਅਰਸ਼ ਡੱਲਾ ਨੇ ਘੱਟੋ ਘੱਟ ਦੋ ਮੌਕਿਆਂ 'ਤੇ ਹਰਸ਼ ਕੁਮਾਰ ਨੂੰ ਫੰਡ ਵੀ ਭੇਜੇ ਸਨ। ਉਨ੍ਹਾਂ ਦੱਸਿਆ ਕਿ ਮੌਜੂਦਾ ਖੇਪ ਦਾ ਪ੍ਰਬੰਧ ਵੀ ਅਰਸ਼ ਡੱਲਾ ਵੱਲੋਂ ਕੀਤਾ ਗਿਆ ਹੈ।

ਏ.ਆਈ.ਜੀ. ਐਸ.ਐਸ.ਓ.ਸੀ. ਅੰਮ੍ਰਿਤਸਰ ਸੁਖਮਿੰਦਰ ਮਾਨ ਨੇ ਦੱਸਿਆ ਕਿ ਕਿਸ ਢੰਗ ਨਾਲ ਮੁਲਜ਼ਮਾਂ ਨੇ ਹਥਿਆਰ ਪ੍ਰਾਪਤ ਕੀਤੇ ਹਨ ਅਤੇ ਇਹ ਹਥਿਆਰ ਉਹਨਾਂ ਤੱਕ ਪਹੁੰਚਾਉਣ ਦੇ ਮਕਸਦ ਬਾਰੇ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਇਸੇ ਦੌਰਾਨ, ਇਸ ਸਬੰਧੀ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਸਬੰਧਤ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕਰ ਲਈ ਗਈ ਹੈ ਅਤੇ ਦੋਵਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਲਿਆ ਜਾਵੇਗਾ। ਇਸ ਮਾਮਲੇ ਵਿੱਚ ਅਰਸ਼ ਡੱਲਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।




## ਅਰਸ਼ ਡੱਲਾ ਕੌਣ ਹੈ?

ਸਰਗਰਮ ਗੈਂਗਸਟਰ ਤੋਂ ਅੱਤਵਾਦੀ ਬਣਿਆ ਅਰਸ਼ ਡੱਲਾ ਮੋਗਾ ਦਾ ਵਸਨੀਕ ਹੈ ਅਤੇ ਹੁਣ ਕਨੇਡਾ ਵਿੱਚ ਰਹਿੰਦਾ ਹੈ। ਉਹ ਪਿਛਲੇ ਸਮੇਂ ਤੋਂ ਕਈ ਗੈਂਗਸਟਰ ਅਤੇ ਅੱਤਵਾਦ ਨਾਲ ਸਬੰਧਤ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਹੈ। ਪੰਜਾਬ ਪੁਲਿਸ ਨੇ ਪਹਿਲਾਂ ਹੀ ਅਰਸ਼ ਡੱਲਾ ਦੇ ਕਈ ਮਾਡਿਊਲਾਂ ਦਾ ਪਰਦਾਫਾਸ਼ ਕਰਕੇ ਉਸਦੇ ਨਜ਼ਦੀਕੀ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਹਨਾਂ ਕੋਲੋਂ ਆਈ.ਈ.ਡੀਜ਼, ਹੱਥ ਗੋਲੇ ਅਤੇ ਹੋਰ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਕੀਤਾ ਹੈ। ਪੰਜਾਬ ਪੁਲਿਸ ਵੱਲੋਂ ਉਸ ਨੂੰ ਕਾਬੂ ਕਰਨ ਲਈ ਢੁਕਵੇਂ ਪੱਧਰ 'ਤੇ ਠੋਸ ਯਤਨ ਕੀਤੇ ਜਾ ਰਹੇ ਹਨ।

# ਧੋਖੇ ਨਾਲ ਏ ਟੀ ਐਮ ਵਿੱਚੋਂ ਲੋਕਾਂ ਦੇ ਕਾਰਡ ਉੱਤੇ ਪੈਸੇ ਕਢਵਾਉਣ ਵਾਲੇ ਤਿੰਨ ਜਣੇ ਕਾਬੂ

ਲੁਧਿਆਣਾ, 18 ਅਪ੍ਰੈਲ (ਪੋਸਟ ਬਿਊਰੋ)- ਏ ਟੀ ਐਮ ਵਿੱਚ ਰੁਪਏ ਕਢਵਾਉਣ ਵਾਲੇ ਲੋਕਾਂ ਦਾ ਧੋਖੇ ਨਾਲ ਏ ਟੀ ਐਮ ਬਦਲ ਕੇ ਰੁਪਏ ਕਢਵਾਉਣ ਵਾਲੇ ਗੈਂਗ ਦੇ ਤਿੰਨ ਮੈਂਬਰਾਂ ਨੂੰ ਥਾਣਾ ਡਵੀਜ਼ਨ ਛੇ ਦੀ ਪੁਲਸ ਨੇ ਫੜਿਆ ਹੈ। ਦੋਸ਼ੀਆਂ ਦੀ ਪਛਾਣ ਹਰਜਿੰਦਰ ਸਿੰਘ ਵਾਸੀ ਕਬੀਰ ਨਗਰ, ਰਣਧੀਰ ਸਿੰਘ ਵਾਸੀ ਗੁਰਪਾਲ ਨਗਰ ਤੇ ਹਰਦੀਪ ਸਿੰਘ ਵਾਸੀ ਗੁਰਪਾਲ ਨਗਰ ਗਿਆਸਪੁਰਾ ਵਜੋਂ ਹੋਈ ਹੈ, ਜਿਸ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਥਾਣਾ ਡਵੀਜ਼ਨ ਛੇ ਦੀ ਐਮ ਐਚ ਓ ਮਧੂ ਬਾਲਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੁਮਨ ਪਾਂਡੇ ਨਾਮ ਦੀ ਇੱਕ ਮਹਿਲਾ ਨੇ ਦੱਸਿਆ ਕਿ ਉਹ ਏ ਟੀ ਐਮ ਤੋਂ ਰੁਪਏ ਕਢਵਾਉਣ ਗਈ ਤਾਂ ਅਚਾਨਕ ਦੋ-ਤਿੰਨ ਵਿਅਕਤੀ ਆ ਕੇ ਉਸ ਨੂੰ ਗੱਲਾਂ ਵਿੱਚ ਲੈ ਕੇ ਧੋਖੇ ਨਾਲ ਉਸ ਦਾ ਏ ਟੀ ਐਮ ਬਦਲ ਕੇ ਉਸ ਦੇ 10 ਹਜ਼ਾਰ ਰੁਪਏ ਕਢਵਾ ਕੇ ਲੈ ਗਏ। ਪੁਲਸ ਨੇ ਸੁਮਨ ਪਾਂਡੇ ਦੀ ਸ਼ਿਕਾਇਤ ਉੱਤੇ ਅਣਪਛਾਤੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ। ਐਸ ਐਚ ਓ ਮਧੂਬਾਲਾ ਦੀ ਟੀਮ ਨੇ ਏ ਟੀ ਐਮ ਵਿੱਚ ਜਾ ਕੇ ਲੋਕਾਂ ਨਾਲ ਧੋਖਾ ਕਰਨ ਵਾਲੇ ਤਿੰਨ ਜਣਿਆਂ ਨੂੰ ਵੱਖ-ਵੱਖ ਬੈਂਕਾਂ ਦੇ 31 ਏ ਟੀ ਐਮ ਦੋ ਮੋਟਰਸਾਈਕਲ ਅਤੇ 10 ਹਜ਼ਾਰ ਰੁਪਏ ਬਰਾਮਦ ਕਰ ਕੇ ਉਨ੍ਹਾ ਵਿਰੁੱਧ ਮਾਮਲਾ ਦਰਜ ਕਰ ਕੇ ਅਦਾਲਤ ਵਿੱਚ ਪੇਸ਼ ਕਰ ਉਨ੍ਹਾਂ ਨੂੰ ਰਿਮਾਂਡ ਉੱਤੇ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।




# ਸ਼ਾਹਬਾਜ਼ ਸ਼ਰੀਫ ਪਰਿਵਾਰ ਵੱਲੋਂ ਆਪਣੇ ਜੱਦੀ ਪਿੰਡ ਜਾਤੀ ਉਮਰਾ ਦੇ ਲੋਕਾਂ ਨੂੰ ਪਾਕਿ ਦੌਰੇ ਦਾ ਸੱਦਾ



ਤਰਨ ਤਾਰਨ, 18 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਬੇਟੇ ਤੇ ਪੰਜਾਬ ਸੂਬੇ ਦੇ ਮੁੱਖ ਮੰਤਰੀ ਹਮਜਾ ਸ਼ਾਹਬਾਜ਼ ਸ਼ਰੀਫ ਨੇ ਭਾਰਤੀ ਪੰਜਾਬ ਦੇ ਤਰਨ ਤਾਰਨ ਜ਼ਿਲੇ ਵਿਚਲੇ ਆਪਣੇ ਜੱਦੀ ਪਿੰਡ ਜਾਤੀ ਉਮਰਾ ਦੇ ਲੋਕਾਂ ਨੂੰ ਆਪਣੇ ਪਰਵਾਰ ਵੱਲੋਂ ਪਾਕਿਸਤਾਨ ਦੇ ਗੁਰਦੁਆਰਾ ਡੇਰਾ ਸਾਹਿਬ ਵਿੱਚ ਆਉਣ ਲਈ ਸੱਦਾ ਦਿੱਤਾ ਹੈ ਤਾਂ ਕਿ ਸ਼ਰੀਫ ਪਰਵਾਰ ਆਪਣੇ ਜੱਦੀ ਪਿੰਡ ਦੇ ਲੋਕਾਂ ਨਾਲ ਖੁਸ਼ੀ ਸਾਂਝੀ ਕਰ ਸਕੇ।
ਭਾਰਤੀ ਪੰਜਾਬ ਦੇ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਵਿਚਲੇ ਪਿੰਡ ਜਾਤੀ ਉਮਰਾ ਵਿੱਚ ਬੀਤੇ ਸ਼ਨੀਵਾਰ ਪਿੰਡ ਵਾਸੀਆਂ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਬੇਟੇ ਮੁਹੰਮਦ ਹਮਜ਼ਾ ਸ਼ਾਹਬਾਜ਼ ਦੇ ਪਾਕਿਸਤਾਨੀ ਪੰਜਾਬ ਦਾ ਮੁੱਖ ਮੰਤਰੀ ਬਣਨ ਉੱਤੇਵਾਟਸਐਪ ਰਾਹੀਂ ਵਧਾਈ ਸੰਦੇਸ਼ ਭੇਜਿਆ ਸੀ। ਕੱਲ੍ਹ ਆਏ ਇਸ ਦੇ ਜਵਾਬ ਵਿੱਚ ਸ਼ਰੀਫ ਪਰਵਾਰ ਨੇ ਪਿੰਡ ਜਾਤੀ ਉਮਰਾ ਦੇ ਲੋਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਮੌਕਾ ਖੁਸ਼ੀ ਸਾਂਝੀ ਕਰਨ ਦਾ ਹੈ। ਸ਼ਰੀਫ ਪਰਵਾਰ ਨੇ ਆਪਣੇ ਜੱਦੀ ਪਿੰਡ ਜਾਤੀ ਉਮਰਾ ਦੇ ਲੋਕਾਂ ਨੂੰ ਗੁਰਦੁਆਰਾ ਡੇਰਾ ਸਾਹਿਬ ਦੇ ਦਰਸ਼ਨ ਕਰਨ ਦੇ ਲਈ ਸੱਦਾ ਦਿੱਤਾ ਹੈ। ਇਸ ਬਾਰੇ ਪਿੰਡ ਦੇ ਬਲਵਿੰਦਰ ਸਿੰਘ, ਗੁਰਪਾਲ ਸਿੰਘ ਫੌਜੀ, ਡਾਕਟਰ ਦਿਲਬਾਗ ਸਿੰਘ, ਪੰਚ ਹੀਰਾ ਸਿੰਘ, ਬਲਦੇਵ ਸਿੰਘ ਤੇ ਕੁਲਵੰਤ ਸਿੰਘ ਨੇ ਦੱਸਿਆ ਕਿ ਪਿੰਡ ਜਾਤੀ ਉਮਰਾ ਲਈ ਇਸ ਤੋਂ ਵੱਡੀ ਖੁਸ਼ੀ ਕੀ ਹੋਵੇਗੀ ਕਿ ਪਿੰਡ ਦੇ ਨਾਲ ਸੰਬੰਧਤ ਸ਼ਾਹਬਾਜ਼ ਸ਼ਰੀਫ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਹੋਣ ਅਤੇ ਉਨ੍ਹਾਂ ਦਾ ਬੇਟਾ ਮੁਹੰਮਦ ਹਮਜ਼ਾ ਸ਼ਾਹਬਾਜ਼ ਓਥੇ ਪੰਜਾਬ ਦਾ ਮੁੱਖ ਮੰਤਰੀ ਬਣਿਆ ਹੋਵੇ। ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦੇ ਵੀਹ ਲੋਕਾਂ ਦਾ ਜੱਥਾ ਇਸੇ ਹਫਤੇ ਗੁਰਦੁਆਰਾ ਡੇਰਾ ਸਾਹਿਬ ਜਾਣ ਲਈ ਤਿਆਰ ਹੈ। ਇਹ ਜਥਾ ਗੁਰਦੁਆਰਾ ਡੇਰਾ ਸਾਹਿਬ ਵਿੱਚ ਸ਼ਰੀਫ ਪਰਵਾਰ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਭਾਰਤ ਵਿਚਲੇ ਪਿੰਡ ਜਾਤੀ ਉਮਰਾ ਆਉਣ ਦਾ ਸੱਦਾ ਵੀ ਦੇਵੇਗਾ।

# ਪੰਜਾਬ ਸਰਕਾਰ ਦੇ ਬਿਜਲੀ ਬਾਰੇ ਐਲਾਨ ਤੋਂ ਜਨਰਲ ਵਰਗ ਦੇ ਲੋਕਾਂ ਨੂੰ ਨਾਰਾਜ਼ਗੀ

ਫ਼ਿਰੋਜ਼ਪੁਰ, 18 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਆਮ ਲੋਕਾਂ ਲਈ ਗਰੰਟੀਆਂ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਚੋਣ ਮੁਹਿੰਮ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਅੰਮ੍ਰਿਤਸਰ ਤੋਂ ਬਿਜਲੀ ਗਰੰਟੀ ਦਾ ਐਲਾਨ ਕੀਤਾ ਸੀ ਕਿ ਏਥੇ ਸਰਕਾਰ ਬਣਦਿਆਂ ਸਾਰ ਸਮੁੱਚੇ ਪੰਜਾਬ ਵਾਸੀਆਂ ਨੂੰ 300 ਯੂਨਿਟ ਬਿਜਲੀ ਹਰ ਮਹੀਨੇ ਮੁਫ਼ਤ ਦਿੱਤੀ ਜਾਵੇਗੀ, ਜਦਕਿ ਉਸ ਸਮੇਂ ਉਸ ਐਲਾਨ ਵਿੱਚ ਕਿਸੇ ਜਾਤ, ਧਰਮ ਤੇ ਕਿਸੇ ਹੋਰ ਵਿਸ਼ੇਸ਼ ਵਿਅਕਤੀ ਨਾਲ ਵਿਤਕਰੇ ਦਾ ਕੋਈ ਜ਼ਿਕਰ ਨਹੀਂ ਸੀ। ਪੰਜਾਬ ਸਰਕਾਰ ਦੇ 300 ਯੂਨਿਟ ਬਿਜਲੀ ਦੀ ਮੁਫਤ ਸਕੀਮ ਦੇ ਨਵੇਂ ਐਲਾਨ ਨਾਲ ਜਰਨਲ ਵਰਗ ਦੇ ਲੋਕਾਂ ਵਿੱਚ ਨਾਰਾਜ਼ਗੀ ਫੈਲ ਗਈ ਹੈ।

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੀ ਅਗਵਾਈ ਹੇਠ ਬਣੀ ਰਾਜ ਸਰਕਾਰ ਨੇ ਆਪਣਾ ਇੱਕ ਮਹੀਨਾ ਪੂਰਾ ਕਰਦੇ ਹੋਏ ਪਹਿਲੀ ਗਰੰਟੀ 300 ਯੂਨਿਟ ਮੁਫ਼ਤ ਬਿਜਲੀ ਦੇਣ ਬਾਰੇ 16 ਅਪ੍ਰੈਲ ਨੂੰ ਐਲਾਨ ਕਰ ਦਿੱਤਾ ਹੈ, ਪਰ ਉਹ ਰਾਜਨੀਤੀ ਤੋਂ ਪ੍ਰੇਰਿਤ ਅਤੇ ਰਵਾਇਤੀ ਪਾਰਟੀਆਂ ਵਰਗਾ ਨਜ਼ਰ ਆਇਆ ਹੈ ਅਤੇ ਇਸ ਨਾਲ ਪੰਜਾਬ ਦੇ ਲੋਕਾਂ ਵਿੱਚ ਜਾਤ-ਪਾਤ ਦੇ ਆਧਾਰ ਉੱਤੇ ਵੰਡ ਦਾ ਪ੍ਰਭਾਵ ਪੈ ਰਿਹਾ ਹੈ। ਇਸ ਨਾਲ ਕਈ ਵਰਗਾਂ ਵਿੱਚ ਭਾਰੀ ਖ਼ੁਸ਼ੀ ਪਾਈ ਜਾ ਰਹੀ ਹੈ, ਪਰ ਜਨਰਲ ਵਰਗ ਨਾਲ ਸਬੰਧਿਤ ਭਾਈਚਾਰਾ ਆਪਣੇ ਆਪ ਨੂੰ ਠਗਿਆ ਮਹਿਸੂਸ ਕਰਦੇ ਹੋਏ ਇਸ ਉੱਤੇ ਨਾਰਾਜ਼ਗੀ ਪ੍ਰਗਟ ਕਰ ਰਿਹਾ ਹੈ ਕਿ ਇਸ ਪਾਰਟੀ ਨੂੰ ਵੋਟਾਂ ਪਾ ਕੇ ਲਾਭ ਨਹੀਂ ਹੋਇਆ।

ਸਮਝਿਆ ਜਾਂਦਾ ਹੈ ਕਿ ਜਨਰਲ ਵਰਗ ਨਾਲ ਹਮੇਸ਼ਾ ਰਾਜਨੀਤਕ ਪਾਰਟੀਆਂ ਵੱਲੋਂ ਬਿਜਲੀ ਗਰੰਟੀ ਦੇ ਕੰਮ ਵਿੱਚ ਵਿਤਕਰਾ ਕੀਤਾ ਜਾਂਦਾ ਹੈ ਤੇ ਤਾਜ਼ਾ ਐਲਾਨ ਅਨੁਸਾਰ ਜਨਰਲ ਵਰਗ ਵਾਲੇ ਘਰੇਲੂ ਖਪਤਕਾਰ ਦੀ ਦੋ ਮਹੀਨੇ ਦੀ ਖਪਤ 600 ਯੂਨਿਟ ਤੋਂ ਵੱਧ ਹੁੰਦੀ ਹੈ ਤਾਂ ਉਸ ਨੂੰ 600 ਯੂਨਿਟ ਸਮੇਤਸਾਰਾ ਬਿੱਲ ਯੂਨਿਟ ਦੇਣਾ ਪਵੇਗਾ, ਜਦਕਿ ਐਸ ਸੀ (ਸ਼ਡਿਊਲਡ ਕਾਸਟ), ਬੀ ਸੀ (ਬੈਕਵਰਡ ਕਲਾਸ), ਬੀ ਪੀ ਐਲ (ਗਰੀਬੀ ਰੇਖਾ ਤੋਂ ਹੇਠਾਂ) ਅਤੇ ਆਜ਼ਾਦੀ ਘੁਲਾਟੀਆ ਦੇ ਪਰਵਾਰਾਂ ਨੂੰ 600 ਯੂਨਿਟ ਤੋਂ ਵੱਧ ਦੀ ਖਪਤ ਵਾਲਾ ਹੀ ਬਿੱਲ ਦੇਣਾ ਪਵੇਗਾ। ਮੁੱਖ ਮੰਤਰੀ ਦੇ ਐਲਾਨ ਮਗਰੋਂ ਜਰਨਲ ਵਰਗ ਵਿੱਚ ਭਾਰੀ ਰੋਸ ਹੈ ਅਤੇ ਜਨਰਲ ਕੈਟਾਗਰੀਜ ਵੈਲਫੇਅਰ ਫੈਡਰੇਸ਼ਨ ਪੰਜਾਬ ਨੇ ਸੋਸ਼ਲ ਮੀਡੀਆ ਉੱਤੇ ਪੋਸਟਰ ਜਾਰੀ ਕਰਕੇ ਸਰਕਾਰ ਦੇ ਫ਼ੈਸਲੇ ਦਾ ਵੱਡੇ ਪੱਧਰ ਉੱਤੇ ਵਿਰੋਧ ਕੀਤਾ ਹੈ। ਇਸ ਪੋਸਟਰ ਵਿੱਚ ਸੂਬਾ ਸਰਕਾਰ ਨੂੰ ਕਈ ਸਵਾਲ ਕਰ ਕੇ ਮੰਗ ਕੀਤੀ ਗਈ ਹੈ ਕਿ ਇਹ ਸਹੂਲਤਾਂ ਜਾਤ-ਪਾਤ ਜਾਂ ਧਰਮ ਦੇ ਨਾਂਅ ਦੇਣ ਦੀ ਥਾਂ ਆਰਥਿਕ ਆਧਾਰ ਚੁਣਿਆ ਜਾਵੇ, ਕਿਉਂਕਿ ਜਨਰਲ ਵਰਗ ਵਿੱਚ ਵੀ ਕਈ ਲੋਕ ਆਰਥਿਕ ਪੱਖੋਂ ਕਮਜ਼ੋਰ ਹਨ।



# ਪਤਾ ਹੀ ਨਹੀਂ ਲੱਗਦਾ ਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਕੀ ਬਣਿਆ?

ਅੰਮ੍ਰਿਤਸਰ, 18 ਅਪ੍ਰੈਲ (ਪੋਸਟ ਬਿਊਰੋ)- ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਵਿੱਚ ਫ਼ੌਜੀ ਕਾਰਵਾਈ ਪਿੱਛੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਕੀ ਬਣਿਆ? ਇਹ ਸਵਾਲ ਅੱਜ 38 ਸਾਲ ਬਾਅਦ ਵੀ ਪੁੱਛਿਆ ਜਾ ਰਿਹਾ ਹੈ।
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲ 1985 ਤੋਂ 2019 ਤੱਕ ਲਗਾਤਾਰ ਹਰ ਸਾਲ 6 ਜੂਨ ਦੇ ਸਮਾਗਮਾਂ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਬਿਆਨ ਦਿਵਾ ਕੇ ਕੇਂਦਰ ਸਰਕਾਰ ਨੂੰ ਇਹ ਸਮਾਨ ਮੋੜਨ ਲਈ ਕਹਿੰਦੀ ਰਹੀ ਸੀ ਅਤੇ ਵੱਖ-ਵੱਖ ਸਮੇਂ ਜਦੋਂ ਕੋਈ ਕੇਂਦਰੀ ਮੰਤਰੀ ਜਾਂ ਫ਼ੌਜ ਮੁੱਖੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਉਂਦਾ ਸੀ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਤੋਂ ਵੀ ਮੰਗ ਕਰਦੀ ਸੀ ਕਿ ਫ਼ੌਜ ਵੱਲੋਂ ਚੁੱਕਿਆ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਾਲਾ ਖਜ਼ਾਨਾ ਵਾਪਸ ਕੀਤਾ ਜਾਵੇ।
ਇਸ ਬਾਰੇ 8 ਜੂਨ 2019 ਨੂੰ ਮੀਡੀਆ ਵਿੱਚ ਤੱਥਾਂ ਅਤੇ ਸਬੂਤਾਂ ਨਾਲ ਖ਼ਬਰ ਛਾਪੀ ਗਈ ਸੀ ਕਿ ਭਾਰਤੀ ਫ਼ੌਜ ਨੇ 29 ਸਤੰਬਰ 1984 ਤੋਂ ਲੈ ਕੇ ਸੰਨ 2000 ਤੱਕਵੱਖ-ਵੱਖ ਸਮੇਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਸਾਰਾ ਸਮਾਨ ਸਾਰਾ ਸਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਦੇ ਦਿੱਤਾ ਹੈ। ਓਦੋਂ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬੰਡੂਗਰ ਦੀ ਅਗਵਾਈ ਹੇਠ ਇੱਕ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਇਹ ਲੱਭ ਕੇ ਪੰਥ ਨੂੰ ਦੱਸਣਾ ਸੀ ਕਿ ਸ੍ਰੀ ਦਰਬਾਰ ਸਾਹਿਬ ਤੇ ਜੂਨ 1984 ਵਿੱਚ ਕਾਰਵਾਈ ਦੌਰਾਨ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿੱਚੋਂ ਫ਼ੌਜ ਵੱਲੋਂ ਲਿਜ-ਾਇਆ ਗਿਆ ਖ਼ਜ਼ਾਨਾ ਕਿੱਥੇ ਤੇ ਕਿਸ ਹਾਲ ਵਿੱਚ ਹੈ। ਜਦੋਂ ਇਹ ਇਤਿਹਾਸਕ ਵਿਰਾਸਤ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੀ ਗਈ ਤਾਂ ਕਿਸ ਕਿਸ ਅਧਿਕਾਰੀ ਨੇ ਲਈ ਸੀ ਤੇ ਉਹ ਸਾਰਾ ਸਾਮਾਨ ਕਿੱਥੇ ਗਿਆ ਹੈ?
ਲੱਗਭਗ ਤਿੰਨ ਸਾਲ ਬੀਤਣ ਦੇ ਬਾਅਦ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਹੱਥ ਲਿਖਤ ਬੀੜਾਂ ਅਤੇ ਹੋਰ ਕੀਮਤ ਸਾਮਾਨ ਕਿੱਥੇ ਗਿਆ ਅਤੇ ਇਸ ਸਮੇਂ ਵਿੱਚ ਉਹ ਕਿਸ ਕੋਲ ਹੈ ਤੇ ਕਿਸ ਹਾਲ ਵਿੱਚ ਹੈ? ਜੇ ਸ਼੍ਰੋਮਣੀ ਕਮੇਟੀ ਨੂੰ ਇਹ ਸਾਮਾਨ ਨਹੀਂ ਮਿਲਿਆ ਅਤੇ ਇਹ ਵੀ ਨਹੀਂ ਪਤਾ ਲੱਗਾ ਕਿ ਇਹ ਸਾਰਾ ਸਮਾਨ ਕਿਸ ਅਧਿਕਾਰੀ ਨੇ ਵਸੂਲ ਕੀਤਾ ਤਾਂ ਇਸ ਬਾਰੇ ਪੁਲਸ ਕੋਲ ਰਿਪੋਰਟ ਕਿਉਂ ਨਹੀਂ ਲਿਖਵਾਈ ਗਈ?

# ਕੇਂਦਰੀ ਜੇਲ੍ਹ ਦੇ ਡਿਪਟੀ ਸੁਪਰਡੈਂਟ ਉਤੇ ਕੈਦੀ ਦੀ ਮਾਰਕੁੱਟ ਦਾ ਦੋਸ਼

## * ਅਦਾਲਤ ਪਹੁੰਚੇ ਕੈਦੀ ਦੀ ਅਰਜ਼ੀ ਉੱਤੇ ਮੈਡੀਕਲ ਕਰਵਾਇਆ

ਪਟਿਆਲਾ, 18 ਅਪ੍ਰੈਲ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਪਟਿਆਲਾ ਫਿਰ ਵਿਵਾਦਾਂ ਵਿੱਚ ਆ ਗਈ ਹੈ। ਇਸ ਵਾਰ ਇੱਕ ਕੈਦੀ ਨੇ ਜੇਲ੍ਹ ਦੇ ਡਿਪਟੀ ਸੁਪਰਡੈਂਟ ਵੱਲੋਂ ਸ਼ਰਾਬ ਪੀ ਕੇ ਮਾਰਕੁੱਟ ਦੇ ਦੋਸ਼ ਲਾ ਕੇ ਅਦਾਲਤ ਵਿੱਚ ਅਰਜ਼ੀ ਪੇਸ਼ ਕੀਤੀ ਹੈ। ਅਦਾਲਤ ਦੇ ਹੁਕਮ ਉੱਤੇ ਕੈਦੀ ਦਾ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਾਇਆ ਗਿਆ ਹੈ। ਪੁਲਸ ਚੌਕੀ ਕੇਂਦਰੀ ਜੇਲ੍ਹ ਪਟਿਆਲਾ ਨੇ ਸੰਬੰਧਤ ਕੈਦੀ ਪੁਸ਼ਪਿੰਦਰ ਸਿੰਘ ਦੇ ਬਿਆਨ ਲੈ ਲਏ ਹਨ। ਚੌਕੀ ਇੰਚਾਰਜ ਸੁਖਦੇਵ ਸਿੰਘ ਨੇ ਕਿਹਾ ਕਿ ਕੈਦੀ ਪੁਸ਼ਪਿੰਦਰ ਸਿੰਘ ਦੀ ਮੈਡੀਕਲ ਰਿਪੋਰਟ ਮਿਲਣ ਦੇ ਬਾਅਦ ਕਾਰਵਾਈ ਕੀਤੀ ਜਾਏਗੀ।

ਕੈਦੀ ਪੁਸ਼ਪਿੰਦਰ ਸਿੰਘ ਗੁਲਮ-ਰਗ ਐਵੇਨਿਊ, ਲੱਧੇਵਾਲੀ, ਜਲੰਧਰ ਦਾ ਵਾਸੀ ਹੈ। ਉਸ ਦੇ ਖਿਲਾਫ ਰੋਪੜ ਵਿੱਚ ਐਨ ਡੀ ਪੀ ਐਸ (ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ) ਅਤੇ ਜਲੰਧਰ ਵਿੱਚ ਕਤਲ ਦਾ ਕੇਸ ਦਰਜ ਹੈ। ਇਨ੍ਹਾਂ ਕੇਸਾਂ ਦੇ ਕਾਰਨ ਉਹ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹੈ। ਪੁਸ਼ਪਿੰਦਰ ਦੀ ਅਰਜ਼ੀ ਅਨੁਸਾਰ 14 ਅਪ੍ਰੈਲ ਦੀ ਰਾਤ 11 ਵਜੇ ਦੇ ਬਾਅਦ ਡਿਪਟੀ ਸੁਪਰਡੈਂਟ ਰਾਜਦੀਪ ਸਿੰਘ ਬਰਾੜ ਦੋ ਸਹਾਇਕਾਂ ਨਾਲ ਚੈਕਿੰਗ ਦੇ ਲਈ ਬੈਰਕ ਵਿੱਚ ਪਹੁੰਚੇ ਸਨ। ਇੱਥੇ ਮੋਬਾਈਲ ਫੋਨ ਇੱਕ ਹੋਰ ਕੈਦੀ ਤੋਂ ਬਰਾਮਦ ਹੋਣ ਪਿੱਛੋਂ ਬਰਾੜ ਨੇ ਉਸ ਨਾਲ ਮਾਰਕੁੱਟ ਕੀਤੀ, ਜਿਸ ਕਾਰਨ ਉਸ ਦੀ ਰੀੜ ਦੀ ਹੱਡੀ ਉੱਤੇ ਸੱਟ ਲੱਗੀ ਅਤੇ ਹਾਲਤ ਖਰਾਬ ਹੋ ਗਈ। ਇਸ ਪਿੱਛੋਂ ਉਸ ਨੇ ਪਰਵਾਰ ਨੂੰ ਜਾਣਕਾਰੀ ਦਿੱਤੀ, ਜਿਨ੍ਹਾਂ ਨੇ ਜੇਲ੍ਹ ਅਧਿਕਾਰੀਆਂ ਨਾਲ ਗੱਲ ਕਰਨੀ ਚਾਹੀ ਤਾਂ ਅਧਿਕਾਰੀਆਂ ਨੇ ਕੋਈ ਜਵਾਬ ਨਹੀਂ ਦਿੱਤਾ। ਪਰਵਾਰ ਦੇ ਮੈਂਬਰਾਂ ਨੇ ਵਕੀਲ ਰਿਸ਼ਭ ਸ਼ਰਮਾ ਰਾਹੀਂ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਦਿੱਤੀ ਅਤੇ ਜੱਜ ਸੁਪ੍ਰੀਤ ਕੌਰ ਦੇ ਹੁਕਮਾਂ ਉੱਤੇ ਪੁਸ਼ਪਿੰਦਰ ਸਿੰਘ ਦਾ ਮੈਡੀਕਲ ਕਰਵ-ਾਇਆ ਗਿਆ ਹੈ।

ਡਿਪਟੀ ਸੁਪਰਡੈਂਟ ਰਾਜਦੀਪ ਬਰਾੜ ਨੇ ਕਿਹਾ ਕਿ ਉਨ੍ਹਾਂ ਉੱਤੇਝੂਠੇ ਦੋਸ਼ ਲਾਏ ਗਏ ਹਨ। ਕੈਦੀ ਹਰਮਨਜੀਤ ਸਿੰਘ ਨੂੰ ਮੋਬਾਈਲ ਫੋਨ ਵਰਤੇ ਫੜਿਆ ਸੀ। ਇਸ ਪਿੱਛੋਂ ਹੋਰ ਕੈਦੀ ਉਸ ਦੀ ਮਦਦ ਕਰ ਰਹੇ ਸਨ। ਜੇਲ੍ਹ ਸਟਾਫ ਉੱਤੇ ਦਬਾਅ ਬਣਾਉਣ ਲਈ ਉਨ੍ਹਾਂ ਨੇ ਝੂਠੇ ਦੋਸ਼ ਲਾਏ ਹਨ। ਸੱਚਾਈ ਜਾਂਚ ਦੌਰਾਨ ਸਾਹਮਣੇ ਆ ਜਾਏਗੀ।




# ਪਿੰਡ ਨੌਰਾ ਵਿੱਚ ਇੱਕ ਵਿਅਕਤੀ ਦੀ ਹੱਤਿਆ

ਬੰਗਾ, 18 ਅਪ੍ਰੈਲ (ਪੋਸਟ ਬਿਊਰੋ)- ਪਿੰਡ ਨੌਰਾ ਵਿਖੇ ਕੱਲ੍ਹ ਰਾਤ ਘਰ ਦੇ ਬਾਹਰ ਸੁਖਵਿੰਦਰ ਸਿੰਘ ਉਰਫ ਮੰਗਾ ਪੁੱਤਰ ਸਤਨਾਮ ਸਿੰਘ ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਸੁਖਵਿੰਦਰ ਦੀ ਰਿਸ਼ਤੇਦਾਰ ਕੁਲਵਿੰਦਰ ਕੌਰ ਨੇ ਦੱਸਿਆ ਕਿ ਪੁਲਸ ਨੇ ਇਸ ਬਾਰੇ ਇੱਕ ਗੋਲੀ ਦਾ ਖਾਲੀ ਖੋਲ ਬਰਾਮਦ ਕੀਤਾ ਹੈ। ਪਿੰਡ ਵਾਲਿਆਂ ਤੇ ਕਰੀਬੀ ਰਿਸ਼ਤੇਦਾਰਾਂ ਮੁਤਾਬਿਕ ਮ੍ਰਿਤਕ ਦੇ ਸਿਰ ਵਿੱਚ ਕਿਸੇ ਨੇ ਗੋਲੀ ਮਾਰੀ ਹੈ। ਸੁਖਵਿੰਦਰ ਸਿੰਘ ਦੇ ਪੁੱਤਰ ਕਰਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਸੁਖਵਿੰਦਰ ਸਿੰਘ ਡੀ ਜੇ ਅਤੇ ਇਸ ਦੇ ਨਾਲ ਛੋਟਾ ਹਾਥੀ ਚਲਾਉਣ ਦਾ ਕੰਮ ਕਰਦੇ ਸਨ ਅਤੇ ਦੇਰ ਸ਼ਾਮ ਕੰਮ ਤੋਂ ਘਰ ਪਰਤੇ ਸਨ। ਉਨ੍ਹਾਂ ਦੱਸਿਆ ਕਿ ਉਹ ਨੌਰਾ ਦੇ ਬੱਸ ਸਟੈਂਡ ਨੇੜੇ ਆਪਣੀ ਮੋਬਾਈਲ ਦੀ ਦੁਕਾਨ ਕਰਦੇ ਹਨ ਤੇ ਉਨ੍ਹਾਂ ਨੂੰ ਕਰੀਬੀ ਰਿਸ਼ਤੇਦਾਰ ਨੇ ਫ਼ੋਨ ਕਰਕੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਘਰ ਦੇ ਬਾਹਰ ਡਿੱਗੇ ਹੋਏ ਹਨ ਅਤੇ ਉਨ੍ਹਾ ਦੇ ਸਿਰ ਵਿੱਚੋਂ ਖ਼ੂਨ ਵਹਿ ਰਿਹਾ ਹੈ। ਉਹ ਤੁਰੰਤ ਮੌਕੇ ਉੱਤੇ ਪੁੱਜੇ ਅਤੇ ਆਪਣੇ ਪਿਤਾ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾਂ ਲੈ ਗਏ, ਜਿੱਥੇ ਡਾਕਟਰ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕਿਸੇ ਨਾਲ ਵੀ ਕੋਈ ਰੰਜ਼ਿਸ਼ ਜਾ ਲੜਾਈ ਨਹੀਂ ਹੈ।

ਥਾਣਾ ਸਦਰ ਦੇ ਐਸ ਐਚ ਓ ਰਵਿੰਦਰ ਪਾਲ ਮੌਕੇ ਉੱਤੇ ਪੁੱਜ ਗਏ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਨੇ ਘਰ ਦੇ ਨੇੜਿਉਂ ਗੋਲੀ ਦਾ ਇੱਕ ਖਾਲੀ ਖੋਲ ਬਰਾਮਦ ਕੀਤਾ ਹੈ।

## ਬ੍ਰਿਟੇਨ ਦੇ ਪ੍ਰਧਾਨ ਮੰਤਰੀ ਜੌਹਨਸਨ ਦਾ ਭਾਰਤ ਦੌਰਾ 21 ਤੋਂ

ਲੰਡਨ, 18 ਅਪ੍ਰੈਲ (ਪੋਸਟ ਬਿਊਰੋ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ 21 ਅਪ੍ਰੈਲ ਨੂੰ ਭਾਰਤ ਦੇ ਦੋ ਦਿਨਾਂ ਦੌਰੇ ਉੱਤੇ ਆਉਣਗੇ। ਉਨ੍ਹਾਂ ਦੇ ਦਫਤਰ ਮੁਤਾਬਕ ਪ੍ਰਧਾਨ ਮੰਤਰੀ ਵਜੋਂ ਜੌਹਨਸਨ ਦਾ ਪਹਿਲਾ ਭਾਰਤ ਦੌਰਾ 21 ਨੂੰ ਸ਼ੁਰੂ ਹੋਵੇਗਾ। ਉਹ ਪਹਿਲਾਂ ਅਹਿਮਦਾਬਾਦ (ਗੁਜਰਾਤ) ਜਾਣਗੇ। ਗੁਜਰਾਤ ਜਾਣ ਵਾਲੇ ਉਹ ਪਹਿਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਹੋਣਗੇ। ਅਹਿਮਦਾਬਾਦ ਵਿੱਚ ਜੌਹਨਸਨ ਮੋਹਰੀ ਕਾਰੋਬਾਰੀਆਂ ਨਾਲ ਮੁਲਾਕਾਤ ਕਰਨਗੇ।

ਇਸ ਦੇ ਬਾਅਦ ਦਿੱਲੀ ਵਿੱਚ 22 ਨੂੰ ਜੌਹਨਸਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨਗੇ। ਇਸ ਮੌਕੇ ਦੋਵੇਂ ਆਗੂ ਭਾਰਤ ਅਤੇ ਯੂ ਕੇ ਵਿਚਾਲੇ ਅਹਿਮ ਉਦਯੋਗਾਂ ਵਿੱਚ ਨਿਵੇਸ਼ ਦਾ ਐਲਾਨ ਕਰ ਸਕਦੇ ਹਨ। ਦਿੱਲੀ ਵਿੱਚ ਜੌਹਨਸਨ ਤੇ ਨਰਿੰਦਰ ਮੋਦੀ ਦਰਮਿਆਨ ਹੋਣ ਵਾਲੀ ਗੱਲਬਾਤ ਭਾਰਤ-ਯੂ ਕੇ ਦੀ ਰਣਨੀਤੀ, ਕੂਟਨੀਤਕ ਤੇ ਆਰਥਿਕ ਭਾਈਵਾਲੀ ਉਤੇ ਕੇਂਦ੍ਰਿਤ ਹੋਵੇਗੀ। ਦੋਵੇਂ ਆਗੂ ਮੁਕਤ ਵਪਾਰ ਸਮਝੌਤੇ (ਐਫ ਟੀ ਏ) ਦੀ ਪ੍ਰਕਿਰਿਆ ਨੂੰ ਵੀ ਅੱਗੇ ਵਧਾਉਣਗੇ। ਇਸ ਦੌਰੇ ਤੋਂ ਪਹਿਲਾਂ ਜੌਹਨਸਨ ਨੇ ਕਿਹਾ ਹੈ ਕਿ ਉਨ੍ਹਾਂ ਦਾ ਭਾਰਤ ਦੌਰਾ ਨੌਕਰੀਆਂ ਪੈਦਾ ਕਰਨ ਤੇ ਆਰਥਿਕ ਤਰੱਕੀ ਉਤੇ ਕੇਂਦ੍ਰਿਤ ਹੋਵੇਗਾ।

# ਆਸਾਮ ਵਿੱਚ ਤੂਫ਼ਾਨ ਤੇ ਮੀਂਹ ਕਾਰਨ 14 ਲੋਕਾਂ ਦੀ ਮੌਤ, ਹਜ਼ਾਰਾਂ ਘਰ ਨੁਕਸਾਨੇ





ਗੁਹਾਟੀ, 18 ਅਪ੍ਰੈਲ (ਪੋਸਟ ਬਿਊਰੋ)- ਇਸ ਸਮੇਂ ਦੇਸ਼ ਭਰ ਵਿੱਚ ਗਰਮੀ ਦੇ ਕਹਿਰ ਦੌਰਾਨ ਆਸਾਮ ਵਿੱਚ ਮੌਸਮ ਨੇ ਅਚਾਨਕ ਕਰਵਟ ਬਦਲ ਲਈ ਹੈ। ਕੱਲ੍ਹ ਰਾਤ ਇਥੇ ਪਏ ਭਾਰੀ ਮੀਂਹ ਤੇ ਝੱਖੜ ਨੇ ਕਾਫ਼ੀ ਨੁਕਸਾਨ ਕੀਤਾ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਤੂਫਾਨ, ਬਿਜਲੀ ਡਿੱਗਣ ਅਤੇ ਭਾਰੀ ਮੀਂਹ ਕਾਰਨ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਆਸਾਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (ਏ ਐਸ ਡੀ ਐਮ ਏ) ਦੇ ਦੱਸਣ ਮੁਤਾਬਕ ਰਾਜ ਵਿੱਚ ਕੱਲ੍ਹ ਅਸਮਾਨੀ ਬਿਜਲੀ ਡਿੱਗਣ ਨਾਲ ਅੱਠ ਲੋਕਾਂ ਦੀ ਮੌਤ ਹੋਣ ਕਰ ਕੇ ਕੁੱਲ ਮੌਤਾਂ ਦੀ ਗਿਣਤੀ 14 ਹੋ ਗਈ ਹੈ। ਪਤਾ ਲੱਗਾ ਹੈ ਕਿ ਭਾਰੀ ਮੀਂਹ ਕਾਰਨ 592 ਪਿੰਡਾਂ ਨੂੰ ਨੁਕਸਾਨ ਪੁੱਜਾ ਅਤੇ 20 ਹਜ਼ਾਰ ਤੋਂ ਵੱਧ ਲੋਕ ਇਸ ਤੋਂ ਪ੍ਰਭਾਵਤ ਹੋਏ ਹਨ। ਬਿਜਲੀ ਅਤੇ ਤੂਫਾਨ ਨਾਲ ਕਰੀਬ 6000 ਕੱਚੇ ਤੇ ਪੱਕੇ ਮਕਾਨਾਂ ਨੂੰ ਅੰਸ਼ਕ ਤੌਰ ਉੱਤੇ ਨੁਕਸਾਨ ਹੋਇਆ ਅਤੇ ਕਰੀਬ 900 ਕੱਚੇ ਅਤੇ ਪੱਕੇ ਮਕਾਨ ਪੂਰੀ ਤਰ੍ਹਾਂ ਨੁਕਸਾਨੇ ਗਏ। ਦੱਸਿਆ ਗਿਆ ਹੈ ਕਿ ਇਸ ਨਾਲ ਦੁਕਾਨਾਂ ਤੇ ਕਈ ਸੰਸਥਾਵਾਂ ਨੂੰ ਵੀ ਕਾਫ਼ੀ ਨੁਕਸਾਨ ਹੋਇਆ ਹੈ। ਆਸਾਮ ਦੇ ਦੀਮਾ ਹਸਾਓ ਜ਼ਿਲ੍ਹੇ ਦੇ ਕੋਲੋਂ ਪਿੰਡ ਨੇੜੇ ਜ਼ਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇਅ 54 ਈ ਉੱਤੇ ਕਈ ਵਾਹਨ ਫਸ ਗਏ ਹਨ।

# ਪਾਕਿ ਦੇ ਸਿੱਖ ਤੇ ਹਿੰਦੂ ਸੈਨੇਟਰਾਂ ਨੇ ਈ ਟੀ ਪੀ ਬੀ ਦੀ ਲੁੱਟ ਦਾ ਕਿੱਸਾ ਪਾਰਲੀਮੈਂਟ ਵਿੱਚ ਫੋਲਿਆ




ਸੈਨੇਟਰ ਗੁਰਦੀਪ ਸਿੰਘ

ਲਾਹੌਰ, 18 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੀ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਸਿੱਖ ਸੈਨੇਟਰ ਗੁਰਦੀਪ ਸਿੰਘ ਅਤੇ ਬਲੋਚਿਸਤਾਨ ਅਵਾਮੀ ਪਾਰਟੀ ਦੇ ਸੈਨੇਟਰ ਦਿਨੇਸ਼ ਕੁਮਾਰ ਨੇ ਕੱਲ੍ਹ ਪਾਰਲੀਮੈਂਟ ਸਿੱਧੇ ਤੌਰ ਉੱਤੇ ਇਵੈਕੂਈ ਟਰੱਸਟ ਪ੍ਰਾਪਰਟੀਜ਼ ਬੋਰਡ (ਈ ਟੀ ਪੀ ਬੀ) ਦਾ ਨਾਂਅ ਲੈ ਕੇ ਦੋਸ਼ ਲਾਇਆ ਕਿ ਪਾਕਿਸਤਾਨ ਵਿਚਲੇ ਗੁਰਦੁਆਰਿਆਂ, ਮੰਦਰਾਂ ਅਤੇ ਘੱਟ-ਗਿਣਤੀਆਂ ਦੇ ਹੋਰ ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ ਲਈ ਬਣਿਆ ਇਹ ਬੋਰਡ ਗੁਰਦੁਆਰਿਆਂ ਵਿੱਚ ਕਰੋੜਾਂ ਰੁਪਇਆਂ ਦੀ ਹੇਰਾਫੇਰੀ ਕਰਦਾ ਅਤੇ ਮਨਮਾਨੀਆਂ ਕਰ ਰਿਹਾ ਹੈ।

ਦੋਵਾਂ ਸੈਨੇਟਰਾਂ ਨੇ ਕਿਹਾ ਕਿ ਪਾਰਲੀਮੈਂਟ ਮੈਂਬਰ ਹੋਣ ਨਾਤੇ ਉਨ੍ਹਾਂ ਦਾ ਫ਼ਰਜ਼ ਹੈ ਕਿ ਉਹ ਗੁਰ-ਦੁਆਰਾ ਜਨਮ ਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਆਦਿ ਦੀ ਚਿੰਤਾਜਨਕ ਸਥਿਤੀ ਬਾਰੇ ਹਾਊਸ ਨੂੰ ਦੱਸਣ। ਉਨ੍ਹਾਂ ਦੋਸ਼ ਲਾਇਆ ਕਿ ਉਕਤ ਗੁਰਦੁਆਰਾ ਸਾਹਿਬਾਨ ਅਤੇ ਪਾਕਿ ਵਿਚਲੇ ਹੋਰ ਗੁਰਦੁਆਰਿਆਂ ਵਿਖੇ ਸ਼ਰਧਾਲੂਆਂ ਨਾਲ ਈ ਟੀ ਪੀ ਬੀ ਦਾ ਅਮਲਾ ਘਟੀਆ ਅਤੇ ਨਿੰਦਣਯੋਗ ਸਲੂਕ ਕਰਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਤੋਂ ਦਰਸ਼ਨਾਂ ਲਈ ਆਈ ਸੰਗਤ ਤੋਂ ਵੱਖ-ਵੱਖ ਉਸਾਰੀਆਂ, ਵਿਕਾਸ ਕਾਰਜਾਂ ਜਾਂ ਪੱਖੇ, ਕੂਲਰ, ਏ ਸੀ ਆਦਿ ਲਾਉਣ ਬਹਾਨੇ ਲੱਖਾਂ ਰੁਪਏ ਲੈ ਕੇ ਜੇਬਾਂ ਵਿੱਚ ਪਾਏ ਜਾ ਰਹੇ ਹਨ ਅਤੇ ਇਸ ਦੀ ਪੱਕੀ ਰਸੀਦ ਨਹੀਂ ਦਿੱਤੀ ਜਾਂਦੀ। ਉਨ੍ਹਾਂ ਆਪਣੇ ਸ਼ਿਕਾਇਤ ਪੱਤਰ ਵਿੱਚ ਇਹ ਵੀ ਦੱਸਿਆ ਕਿ ਬੋਰਡ ਦੇ ਉਕਤ ਮੁਸਲਿਮ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀਆਂ ਕਈ ਸ਼ਿਕਾਇਤਾਂ ਆਉਣ ਦੇ ਬਾਵਜੂਦ ਕਈ ਸਾਲਾਂ ਤੋਂ ਉਨ੍ਹਾਂ ਦੀ ਇੱਕੋ ਜਗ੍ਹਾ ਨਿਯੁਕਤੀ ਹੈ, ਜਿਸ ਕਾਰਨ ਨਾ ਉਨ੍ਹਾਂ ਨੂੰ ਸੇਵਾਮੁਕਤ ਕੀਤਾ ਜਾ ਰਿਹਾ ਹੈ ਅਤੇ ਨਾ ਉਨ੍ਹਾਂ ਦੀ ਕਿਸੇ ਹੋਰ ਜਗ੍ਹਾ ਤਬਦੀਲੀ ਹੀ ਕੀਤੀ ਜਾ ਰਹੀ ਹੈ।

## ਇਮਰਾਨ ਖਾਨ ਕਹਿੰਦੈ: ਮੈਨੂੰ ਮੈਚ ਫ਼ਿਕਸ ਦਾ ਪਹਿਲਾਂ ਹੀ ਪਤਾ ਸੀ



ਕਰਾਚੀ, 18 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦਾਅਵਾ ਕੀਤਾ ਹੈ ਕਿ ਸ਼ਾਹਬਾਜ਼ ਸ਼ਰੀਫ਼ ਦੀ ਸਰਕਾਰ ਉਨ੍ਹਾਂ ਨੂੰ ਖੇਡ ਤੋਂ ਬਾਹਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਆਪਣੀ ਬਰਖਾਸਤਗੀ ਹੋਣ ਨੂੰ ਇਮਰਾਨ ਖਾਨ ਨੇ ਇੱਕ ਫ਼ਿਕਸ ਮੈਚ ਆਖਿਆ, ਜਿਸ ਦਾ ਉਦੇਸ਼ ਪਾਕਿਸਤਾਨ ਨੂੰ ਵਿਦੇਸ਼ੀ ਧਿਰਾਂ ਦਾ ਗੁਲਾਮ ਬਣਾਉਣਾ ਹੈ। ਇੱਕ ਰੈਲੀ ਵਿੱਚ ਬੋਲਦੇ ਹੋਏ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ ਟੀ ਆਈ) ਦੇ ਮੁਖੀ ਇਮਰਾਨ ਖਾਨ ਨੇ ਲੋਕਾਂ ਨੂੰ ਸਵਾਲ ਕੀਤਾ ਕੀ ਤੁਹਾਨੂੰ ਲੱਗਦਾ ਹੈ ਕਿ ਮੇਰੀ ਸਰਕਾਰ ਸਾਜ਼ਿਸ਼ ਜਾਂ ਦਖ਼ਲਅੰਦਾਜ਼ੀ ਦੀ ਸ਼ਿਕਾਰ ਹੋਈ ਹੈ?ਉਨ੍ਹਾਂ ਕਿਹਾ ਕਿ ਕਰਾਚੀ ਦੌਰੇ ਦਾ ਮਕਸਦ ਉਨ੍ਹਾਂ ਦੀ ਸਿਆਸੀ ਪਾਰਟੀ ਦੇ ਹਿੱਤ ਵਾਸਤੇ ਨਹੀਂ, ਸਗੋਂ ਪਾਕਿਸਤਾਨ ਅਤੇ ਉਸ ਦੇ ਬੱਚਿਆਂ ਦੇ ਭਵਿੱਖ ਲਈ ਹੈ। ਪੀ ਟੀ ਆਈ ਪਾਰਟੀ ਵਿਰੁੱਧ ਵਿਦੇਸ਼ੀ ਚੰਦੇ ਦੇ ਕੇਸ ਬਾਰੇ ਇਮਰਾਨ ਖਾਨ ਨੇ ਕਿਹਾ ਕਿ ਇਹ ਕੇਸ ਉਨ੍ਹਾਂ ਨੂੰ ਖੇਡ ਤੋਂ ਬਾਹਰ ਕੱਢਣ (ਰਾਜਨੀਤਿਕ ਦ੍ਰਿਸ਼) ਲਈ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਦੇਸ਼ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਦੇ ਕਿਸੇ ਦੇਸ਼ ਦੇ ਵਿਰੁੱਧ ਨਹੀਂ ਰਿਹਾ, ਮੈਂ ਭਾਰਤ ਵਿਰੋਧੀ, ਯੂਰਪ ਵਿਰੋਧੀ ਅਤੇ ਅਮਰੀਕਾ ਵਿਰੋਧੀ ਨਹੀਂ ਹਾਂ, ਸਗੋਂ ਮੈਂ ਦੁਨੀਆਂ ਦੀ ਮਨੁੱਖਤਾ ਨਾਲ ਹਾਂ। ਮੈਂ ਸਾਰਿਆਂ ਨਾਲ ਦੋਸਤੀ ਚਾਹੁੰਦਾ ਹਾਂ, ਪਰ ਕਿਸੇ ਦੀ ਗੁਲਾਮੀ ਨਹੀਂ।

ਇਮਰਾਨ ਖਾਨ ਨੇ ਕਿਹਾ ਕਿ ਮੈਂ ਕਹਿੰਦਾ ਹਾਂ ਕਿ ਵਿਦੇਸ਼ੀ ਚੰਦੇ ਤੇ ਉਨ੍ਹਾਂ (ਸ਼ਾਹਬਾਜ਼ ਸ਼ਰੀਫ਼) ਦੇ ਭ੍ਰਿਸ਼ਟਾਚਾਰ ਦੇ ਕੇਸ ਦੀ ਸੁਣਵਾਈ ਇਕੱਠੇ ਹੋਣੀ ਚਾਹੀਦੀ ਹੈ। ਅਸਲ ਵਿੱਚ ਇਮਰਾਨ ਖਾਨ ਨੂੰ ਡਰ ਹੈ ਕਿ ਕੇਂਦਰੀ ਜਾਂਚ ਏਜੰਸੀ ਅਤੇ ਕੌਮੀ ਜਵਾਬਦੇਹੀ ਬਿਊਰੋ (ਐਨ ਏ ਬੀ) ਉਸ ਦੇ ਅਤੇ ਉਸ ਦੀ ਸਾਬਕਾ ਕੈਬਨਿਟ ਦੇ ਵਿਰੁੱਧ ਝੂਠੇ ਕੇਸ ਦਾਇਰ ਕਰ ਸਕਦੇ ਹਨ। ਵਿਦੇਸ਼ੀ ਫੰਡ ਕੇਸ 14 ਨਵੰਬਰ 2014 ਤੋਂ ਪੈਂਡਿੰਗ ਹੈ ਅਤੇ ਇਹ ਪੀ ਟੀ ਆਈ ਦੇ ਮੋਢੀ ਮੈਂਬਰ ਅਕਬਰ ਐਸ ਬਾਬਰ ਨੇ ਦਾਇਰ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਪਾਰਟੀ ਨੂੰ ਦੇਸ਼ ਅੰਦਰੋਂ ਅਤੇ ਵਿਦੇਸ਼ਾਂ ਤੋਂ ਮਿਲੇ ਫ਼ੰਡਾਂ ਵਿੱਚ ਕੁਝ ਵਿੱਤੀ ਬੇਨਿਯਮੀਆਂ ਹੋਈਆਂ ਹਨ। ਇਮਰਾਨ ਖਾਨ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਜੇ ਉਹ ਸਾਨੂੰ ਕੰਧ ਵੱਲ ਧੱਕਦੇ ਹਨ ਤਾਂ ਉਨ੍ਹਾਂ ਨੂੰ ਨੁਕਸਾਨ ਹੋਵੇਗਾ, ਦੇਸ਼ ਨੂੰ ਨਹੀਂ, ਸਾਨੂੰ ਸ਼ਾਂਤੀ ਨਾਲ ਰਹਿਣਾ ਚਾਹੀਦਾ ਹੈ।

## ਲੁੱਟੇ ਹੋਏ ਮੋਬਾਈਲ ਦੀ ਲੋਕੇਸ਼ਨ ਟ੍ਰੇਸ ਕਰ ਕੇ ਦੋ ਲੁਟੇਰੇ ਫੜੇ

ਜਲੰਧਰ, 18 ਅਪ੍ਰੈਲ (ਪੋਸਟ ਬਿਊਰੋ)- ਬੱਸ ਅੱਡਾ ਚੌਕੀ ਦੀ ਪੁਲਸ ਨੇ ਲੁੱਟੇ ਗਏ ਮੋਬਾਈਲ ਦੀ ਲੋਕੇਸ਼ਨ ਟ੍ਰੇਸ ਕਰਕੇ ਦੋ ਲੁਟੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਤੋਂ ਲੁੱਟੇ ਹੋਏ ਦੋ ਮੋਬਾਈਲ ਫ਼ੋਨ ਮਿਲੇ ਹਨ। ਦੋਸ਼ੀਆਂ ਦੀ ਪਛਾਣ ਲਾਲ ਸਿੰਘ ਉਰਫ਼ ਸਾਗਰ (19) ਪੁੱਤਰ ਗੁਲਾਬ ਸਿੰਘ ਵਾਸੀ ਰਤਨ ਨਗਰ, ਬਸਤੀ ਬਾਵਾ ਖੇਲ, ਜਲੰਧਰ ਤੇ ਪਰਮਜੀਤ ਸਿੰਘ ਉਰਫ਼ ਪੰਮਾ (19) ਪੁੱਤਰ ਮਨਜੀਤ ਸਿੰਘ ਵਾਸੀ ਸ਼ੀਤਲ ਨਗਰ, ਜਲੰਧਰ ਵਜੋਂ ਹੋਈ ਹੈ।

ਏ ਸੀ ਪੀ ਮਾਡਲ ਟਾਊਨ ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਬੱਸ ਅੱਡਾ ਚੌਕੀ ਦੇ ਇੰਚਾਰਜ ਮੇਜਰ ਸਿੰਘ ਨੂੰ ਇੱਕ ਵਿਅਕਤੀ ਨੇ ਮੋਬਾਈਲ ਫੋਨ ਲੁੱਟੇ ਜਾਣ ਦੀ ਸ਼ਿਕਾਇਤ ਕੀਤੀ ਸੀ। ਇਸ ਦੀ ਜਾਂਚ ਕਰਦੇ ਹੋਏ ਬੱਸ ਅੱਡੇ ਨੇੜਿਓਂ ਲਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਅਤੇ ਵਾਰਦਾਤਾਂ ਵਿੱਚ ਸ਼ਾਮਲ ਇਸ ਦੇ ਸਾਥੀ ਪਰਮਜੀਤ ਸਿੰਘ ਉਰਫ਼ ਪੰਮਾ ਨੂੰ ਉਸ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀਆਂ ਨੇ ਕਿਊ ਜਵਾਹਰ ਨਗਰ ਵਿੱਚ ਪੈਦਲ ਜਾਂਦੇ ਵਿਅਕਤੀ ਤੋਂ ਲੁੱਟਿਆ ਸੀ। ਬੱਸ ਅੱਡਾ ਚੌਕੀ ਇੰਚਾਰਜ ਮੇਜਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਨੂੰ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਸੁਰੱਖਿਆ ਫੋਰਸਾਂ ਨੂੰ ਅੱਤਵਾਦੀਆਂ ਵੱਲੋਂ ਸੈਟੇਲਾਈਟ ਫੋਨ ਵਰਤਣ ਦੇ ਸੰਕੇਤ ਮਿਲੇ

ਸ੍ਰੀਨਗਰ, 18 ਅਪ੍ਰੈਲ (ਪੋਸਟ ਬਿਊਰੋ)- ਅੱਤਵਾਦ ਤੋਂ ਪੀੜਤ ਕਸ਼ਮੀਰ ਵਾਦੀ ਵਿੱਚ ਸੁਰੱਖਿਆ ਫੋਰਸਾਂ ਨੂੰ ਇਰੀਡਿਅਮ ਸੈਟੇਲਾਈਟ ਫੋਨ ਉੱਤੇ ਵਾਈ-ਫਾਈ ਨਾਲ ਚੱਲਣ ਵਾਲੇ ਥਰਮਲ ਇਮੇਜਰੀ ਉਪਕਰਣ ਅੱਤਵਾਦੀਆਂ ਵੱਲੋਂ ਵਰਤੇ ਜਾਣ ਦੇ ਸੰਕੇਤ ਮਿਲੇ ਹਨ। ਇਨ੍ਹਾਂ ਦੀ ਵਰਤੋਂ ਅੱਤਵਾਦੀ ਰਾਤ ਨੂੰ ਸੁਰੱਖਿਆ ਘੇਰੇ ਤੋਂ ਬਚਣ ਲਈ ਕਰਦੇ ਹਨ।

ਅਧਿਕਾਰੀਆਂ ਮੁਤਾਬਕ ਇਹ ਜੰਤਰ ਅਫਗਾਨਿਸਤਾਨ ਵਿੱਚ ਅਮਰੀਕਾ ਦੀ ਅਗਵਾਈ ਵਾਲੀਆਂ ਫੋਰਸਾਂ ਵੱਲੋਂ ਵੀ ਵਰਤੇ ਜਾਂਦੇ ਸਨ। ਉਨ੍ਹਾਂ ਕਿਹਾ ਕਿ ਸਾਈਬਰ ਸਪੇਸ ਵਿੱਚ ਇਨ੍ਹਾਂ ਸੈਟੇਲਾਈਟ ਫੋਨਾਂ ਨੂੰ ਉਤਰੀ ਅਤੇ ਦੱਖਣੀ ਕਸ਼ਮੀਰ ਵਿੱਚ ਵਰਤਣ ਦੇ ਸੰਕੇਤ ਫਰਵਰੀ ਤੋਂ ਮਿਲ ਰਹੇ ਹਨ। ਇਹ ਫੋਨ ਅਫਗਾਨਿਸਤਾਨ ਛੱਡਣ ਵੇਲੇ ਜਾਂ ਅਮਰੀਕੀ ਫੋਰਸਾਂ ਨੇ ਪਿੱਛੇ ਛੱਡ ਦਿੱਤੇ ਹੋਣਗੇ ਜਾਂ ਤਾਲਿਬਾਨ, ਅੱਤਵਾਦੀਆਂ ਨੇ ਖੋਹੇ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਫੋਨਾਂ ਦੀ ਗਤੀਵਿਧੀ ਉੱਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਸੀ ਤੇ ਇਨ੍ਹਾਂ ਨੂੰ ਵਰਤਣ ਵਾਲੇ ਵੀ ਜਲਦੀ ਫੜ ਲਏ ਜਾਣਗੇ। ਐਨ ਟੀ ਆਰ ਓ ਅਤੇ ਰੱਖਿਆ ਇੰਟੈਲੀਜੈਂਸ ਵਰਗੀਆਂ ਏਜੰਸੀਆਂ ਨੂੰ ਨਿਗਰਾਨੀ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਵਰਣਨ ਯੋਗ ਹੈ ਕਿ 2008 ਦੇ ਮੁੰਬਈ ਹਮਲਿਆਂ ਤੋਂ ਬਾਅਦ ਸਰਕਾਰ ਨੇ ਇਰੀਡਿਅਮ ਸੈਟੇਲਾਈਟ ਫੋਨਾਂ ਉੱਤੇ ਪਾਬੰਦੀ ਲਾ ਦਿੱਤੀ ਸੀ। ਜੰਮੂ ਕਸ਼ਮੀਰ ਵਿੱਚ ਸੁਰੱਖਿਆ ਬਲਾਂ ਵੱਲੋਂ ਲਗਾਤਾਰ ਚੌਕਸੀ ਰੱਖੀ ਜਾ ਰਹੀ ਹੈ। ਇਸ ਕਾਰਨ ਵਾਦੀ ਵਿੱਚ ਅੱਤਵਾਦ ਕਾਬੂ ਹੇਠ ਹੈ। ਉੱਥੇ ਦਹਿਸ਼ਤਗਰਦੀ ਦੀਆਂ ਮਾਮੂਲੀ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।

## ਮੁਸਲਮਾਨਾਂ ਦੀ ਪ੍ਰਾਪਰਟੀ ਉਤੇ ਬੁਲਡੋਜ਼ਰ ਚਲਾਉਣ ਵਿਰੁੱਧ ਸੁਪਰੀਮ ਕੋਰਟ ਵਿੱਚ ਅਰਜ਼ੀ



ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਜਮੀਅਤ ਉਲੇਮਾ-ਏ-ਹਿੰਦ ਨੇ ਭਾਰਤ ਦੇ ਮੌਜੂਦਾ ਹਾਲਾਤਾਂ ਉੱਤੇ ਚਿੰਤਾ ਜ਼ਾਹਰ ਕੀਤੀ ਅਤੇ ਕਈ ਜਗ੍ਹਾ ਬੁਲਡੋਜ਼ਰ ਦੀ ਮਦਦ ਨਾਲ ਘਰਾਂ ਨੂੰ ਢਾਹੁਣ ਖ਼ਿਲਾਫ਼ ਜਮੀਅਤ ਸੁਪਰੀਮ ਕੋਰਟ ਪਹੁੰਚ ਗਈ ਹੈ। ਜਮੀਅਤ ਮੁਤਾਬਕ ਭਾਜਪਾ ਸਰਕਾਰ ਵਾਲੇ ਰਾਜਾਂ ਵਿੱਚ ਅਪਰਾਧ ਰੋਕਣ ਦੀ ਆੜ ਵਿੱਚ ਘੱਟਗਿਣਤੀਆਂ ਖਾਸ ਕਰ ਕੇ ਮੁਸਲਮਾਨਾਂ ਨੂੰ ਤਬਾਹ ਕਰਨ ਲਈ ਸ਼ੁਰੂ ਹੋਈ ਬੁਲਡੋਜ਼ਰ ਦੀ ਖ਼ਤਰਨਾਕ ਰਾਜਨੀਤੀ ਉੱਤੇ ਰੋਕ ਲਗਾਉਣ ਦੇ ਲਈ ਅਰਜ਼ੀ ਦਿੱਤੀ ਗਈ ਹੈ। ਇਸ ਵਿੱਚ ਜਮੀਅਤ ਉਲੇਮਾ-ਏ-ਹਿੰਦ ਕਾਨੂੰਨੀ ਇਮਦਾਦ ਕਮੇਟੀ ਦੇ ਸੈਕਟਰੀ ਗੁਲਜ਼ਾਰ ਅਹਿਮਦ ਆਜ਼ਮੀ ਵਾਦੀ ਬਣੇ ਹਨ। ਇਸ ਪਟੀਸ਼ਨ ਵਿੱਚ ਕੋਰਟ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੂਬਿਆਂ ਨੂੰ ਹੁਕਮ ਦੇਣ ਕਿ ਕੋਰਟ ਦੀ ਮਨਜ਼ੂਰੀ ਦੇ ਬਿਨਾਂ ਕਿਸੇ ਦਾ ਘਰ ਜਾਂ ਦੁਕਾਨ ਨੂੰ ਢਾਹਿਆ ਨਹੀਂ ਜਾਏਗਾ।

ਇਸ ਆਪਣੇ ਕਿਸਮ ਦੀ ਪਟੀਸ਼ਨ ਵਿੱਚ ਕੇਂਦਰ ਸਰਕਾਰ ਦੇ ਨਾਲ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਨੂੰ ਪਾਰਟੀ ਬਣਾਇਆ ਗਿਆ ਹੈ, ਜਿੱਥੇ ਪਿਛਲੇ ਦਿਨਾਂ ਵਿੱਚ ਮੁਸਲਮਾਨਾਂ ਨਾਲ ਦੁਰਵਿਹਾਰ ਕੀਤਾ ਗਿਆ। ਪਟੀਸ਼ਨ ਐਡਵੋਕੇਟ ਸਾਰਿਮ ਨਵੇਦ ਨੇ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਨਾਲ ਸਲਾ ਕਰਨ ਦੇ ਬਾਅਦ ਤਿਆਰ ਕੀਤੀ ਹੈ, ਜਦ ਕਿ ਐਡਵੋਕੇਟ ਆਨ ਰਿਕਾਰਡ ਕਬੀਰ ਦੀਕਸ਼ਿਤ ਨੇ ਇਸ ਨੂੰ ਆਨਲਾਈਨ ਦਾਖਲ ਕੀਤਾ ਹੈ। ਅਗਲੇ ਕੁਝ ਦਿਨਾਂ ਵਿੱਚ ਅਰਜ਼ੀ ਉੱਤੇ ਜਲਦੀ ਸੁਣਵਾਈ ਲਈ ਚੀਫ ਜਸਟਿਸ ਆਫ ਇੰਡੀਆ ਨੂੰ ਅਪੀਲ ਕੀਤੀ ਜਾ ਸਕਦੀ ਹੈ।

## ਵਰਲਡ ਵਾਰ ਸਮੇਂ ਗੁਆਚੀ ਪਾਕੇਟ ਘੜੀ ਅੱਸੀ ਸਾਲਾਂ ਪਿੱਛੋਂ ਵੀ ਚਾਲੂ ਹਾਲਤ ਵਿੱਚ ਕਿਸਾਨ ਨੂੰ ਮਿਲੀ



ਨਿਊ ਯਾਰਕ, 18 ਅਪ੍ਰੈਲ (ਪੋਸਟ ਬਿਊਰੋ)- ਦੂਸਰੀ ਸੰਸਾਰ ਜੰਗ ਦੌਰਾਨ ਇੱਕ ਨਾਜ਼ੀ ਫੌਜੀ ਨੇ ਰੋਟਰਡਮ ਵਿੱਚ ਇੱਕ ਪਾਕੇਟ ਘੜੀ ਚੋਰੀ ਕਰ ਲਈ ਸੀ। ਬਾਅਦ ਵਿੱਚ ਇਹ ਘੜੀ ਬੈਲਜੀਅਮ ਵਿੱਚ ਗੁਆਚ ਗਈ ਅਤੇ ਇੱਕ ਕਿਸਾਨ ਨੂੰ ਖੇਤ ਵਿੱਚ ਮਿਲੀ ਸੀ, ਜੋ ਅੱਸੀ ਸਾਲ ਬਾਅਦ ਵੀ ਚਾਲੇ ਤੱਕ ਚੱਲਦੀ ਹੈ। ਕਿਸਾਨ ਦੇ ਪੋਤਰੇ ਨੇ ਇਸ ਨੂੰ ਅਸਲੀ ਮਾਲਕ ਦੇ ਪੋਤਰੇ-ਪੋਤਰੀਆਂ ਨੂੰ ਹਾਲ ਹੀ ਵਿੱਚ ਵਾਪਸ ਕੀਤਾ ਹੈ।

ਮਿਲੀ ਜਾਣਕਾਰੀ ਮੁਤਾਬਕ ਇਹ ਘੜੀ 1910 ਵਿੱਚ ਡੱਚ ਸ਼ਹਿਰ ਰੋਟਰਡਮ ਸ਼ਹਿਰ ਵਿੱਚ ਇੱਕ ਯਹੂਦੀ ਅਲਫ੍ਰੈਡ ਓਵਰਸਟ੍ਰਿਜ਼ਡ ਨੇ ਆਪਣੇ ਭਰਾ ਲੁਈ ਦੇ ਵਾਸਤੇ ਬਣਵਾਈ ਸੀ। ਘੜੀ ਉੱਤੇ ਲਿਖੇ ਪਤੇ ਉੱਤੇ ਵੈਨ ਨੇ ਘੜੀ ਬਣਾਉਣ ਵਾਲੀ ਕੰਪਨੀ ਦੇ ਮਾਲਕ ਦੇ ਨਾਂਅ ਲਿਖੇ ਪੱਤਰ ਵਿੱਚ ਦੱਸਿਆ ਹੈ ਕਿ ਲੁਈ ਨੂੰ ਘੜੀ ਉਸ ਦੇ 18ਵੇਂ ਜਨਮ ਦਿਨ ਉੱਤੇ ਗਿਫਟ ਵਿੱਚ ਦਿੱਤੀ ਗਈ। ਘੜੀ ਦੇ ਪਿੱਛੇ ਲੁਈ ਦਾ ਸਰਨੇਮ, ਜਗ੍ਹਾ ਅਤੇ ਸਮੇਂ ਦੇ ਨਾਲ ਆਪਣੇ ਭਰਾ ਲਈ ਸਲਾਹ ਵੀ ਲਿਖੀ ਹੋਈ ਸੀ। 1942 ਵਿੱਚ ਲੁਈ ਨੂੰ ਨਾਜ਼ੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ। ਡੱਚ ਇਤਿਹਾਸਕਾਰ ਰਾਥ ਸਜਿਜਰਸ ਅਨੁਸਾਰ ਦੋਵਾਂ ਭਰਾਵਾਂ ਨੂੰ ਗ੍ਰਿਫ਼ਤਾਰੀ ਦੇ ਬਾਅਦ ਇੱਕ ਨਾਜ਼ੀ ਕੈਂਪ ਵਿੱਚ ਭੇਜਿਆ ਗਿਆ ਸੀ। ਬਾਅਦ ਵਿੱਚ ਇਸ ਕੈਂਪ ਦੇ ਤਿੰਨ ਫੌਜੀਆਂ ਨੂੰ ਬੈਲਜੀਅਮ ਦੇ ਇੱਕ ਕਿਸਾਨ ਗੁਸਤਾਵ ਜਾਨਸੈਂਸ ਕੋਲ ਭੇਜ ਦਿੱਤਾ ਗਿਆ। ਇਨ੍ਹਾਂ ਨੂੰ ਜੋ ਬਾਥਰੂਮ ਦਿੱਤਾ ਗਿਆ, ਉਹ ਮਕੱਈ ਦੇ ਖੇਤ ਵਿੱਚ ਖੁੱਲ੍ਹਦਾ ਸੀ। ਲੱਗਦਾ ਹੈ ਕਿ ਘੜੀ ਇਸ ਖੇਤ ਵਿੱਚ ਕਿਸੇ ਫੌਜੀ ਦੀ ਜੇਬ ਵਿੱਚੋਂ ਡਿੱਗੀ ਹੋਵੇਗੀ। ਇਹ ਘੜੀ ਕਿਸਾਨ ਨੂੰ ਖੇਤ ਵਿੱਚੋਂ ਮਿਲੀ, ਜੋ ਚੱਲ ਰਹੀ ਸੀ। ਕਈ ਸਾਲ ਬੀਤ ਜਾਣ ਦੇ ਬਾਅਦ ਹਾਲ ਹੀ ਵਿੱਚ ਸੋਸ਼ਲ ਮੀਡੀਆ ਉੱਤੇ ਕਿਸਾਨ ਦੇ ਪੋਤਰੇ ਰਿਚਰਡ ਵੈਨ ਅਮੇਜਨ ਨੇ ਘੜੀ ਬਣਾਉਣ ਵਾਲੀ ਕੰਪਨੀ ਦਾ ਸੋਸ਼ਲ ਮੀਡੀਆ ਦਾ ਪਤਾ ਲਾਇਆ ਅਤੇ ਇੱਕ ਈ-ਮੇਲ ਲਿਖੀ, ਜਿਸ ਵਿੱਚ ਕਿਹਾ ਗਿਆ ਕਿ ਉਹ ਜਦ ਇਸ ਘੜੀ ਨੂੰ ਦੇਖਦੇ ਹਨ, ਉਨ੍ਹਾਂ ਨੂੰ ਦੂਸਰੇ ਵਿਸ਼ਵ ਯੁੱਧ ਦੀ ਯਾਦ ਆ ਜਾਂਦੀ ਹੈ।

ਕਿਸਾਨ ਦੇ ਪੋਤਰੇ ਵੈਨ ਨੇ ਘੜੀ ਨੂੰ ਉਸ ਦੇ ਅਸਲੀ ਮਾਲਕ ਤੱਕ ਪਹੁੰਚਾਉਣ ਲਈ ਸੋਸ਼ਲ ਮੀਡੀਆ ਦਾ ਸਹਾਰਾ ਲਿਆ। ਇਸ ਦੇ 24 ਘੰਟੇ ਵਿੱਚ ਘੜੀ ਨਿਰਮਾਤਾ ਦੇ ਪਰਵਾਰ ਦਾ ਜਵਾਬ ਆਇਆ। ਪਤਾ ਲੱਗਾ ਕਿ ਉਨ੍ਹਾਂ ਦੀ ਬੇਟੀ ਅਤੇ ਉਸ ਦੇ ਤਿੰਨ ਬੱਚੇ ਹਨ, ਜੋ ਯੁੱਧ ਵਿੱਚ ਬਚ ਗਏ ਸਨ। ਬਾਅਦ ਵਿੱਚ ਵੈਨ ਉਸ ਪਰਵਾਰ ਤੱਕ ਪਹੁੰਚੇ ਅਤੇ ਬੈਠ ਕੇ ਹੋਈ ਰਸਮੀ ਗੱਲਬਾਤ ਦੌਰਾਨ ਘੜੀ ਵਾਪਸ ਮੋੜੀ।

## ਅਦਾਲਤ ਨੇ ਕਿਹਾ, ਅਸੀਂ ਸਿੱਖਿਆ ਮਾਹਰ ਵਾਲਾ ਕੰਮ ਨਹੀਂ ਕਰ ਸਕਦੇ

ਨਵੀਂ ਦਿੱਲੀ, 18 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਦਾਲਤ ਸਿੱਖਿਆ ਖੇਤਰ ਦੇ ਮਾਹਰ ਦਾ ਕੰਮ ਨਹੀਂ ਕਰ ਸਕਦੀ। ਇਹ ਤੈਅ ਕਰਨਾ ਸੰਸਥਾਵਾਂ ਉੱਤੇ ਛੱਡ ਦੇਣਾ ਚਾਹੀਦਾ ਹੈ ਕਿ ਕਿਸੇ ਵਿਦਿਆਰਥੀ, ਉਮੀਦਵਾਰ ਕੋਲ ਲੋੜੀਂਦੀ ਯੋਗਤਾ ਹੈ ਜਾਂ ਨਹੀਂ? ਜਸਟਿਸ ਐਮ ਆਰ ਸ਼ਾਹ ਅਤੇ ਬੀ ਪੀ ਨਾਗਰਤਨਾ ਦੇ ਬੈਂਚ ਨੇ ਕਿਹਾ ਕਿ ਨੌਕਰੀ ਦੇ ਇਸ਼ਤਿਹਾਰ ਵਿੱਚ ਜ਼ਿਕਰ ਕੀਤੀ ਵਿੱਦਿਅਕ ਯੋਗਤਾ ਨਾਲ ਕੋਈ ਛਿੜਤਾ ਨਹੀਂ ਹੋ ਸਕਦੀ।

ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਝਾਰਖੰਡ ਦੇ ਕਾਲਜਾਂ ਵਿੱਚ ਵੱਖ-ਵੱਖ ਵਰਗਾਂ ਦੇ ਵਾਸਤੇ ਪੋਸਟ ਗਰੈਜੂਏਟ ਸਿਖਲਾਈ ਪ੍ਰਾਪਤ ਟੀਚਰਾਂ ਦੇ ਅਹੁਦਿਆਂ ਉੱਤੇ ਨਿਯੁਕਤੀ ਦੀ ਚੋਣ ਪ੍ਰਕਿਰਿਆ ਬਾਰੇ ਝਾਰਖੰਡ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਨੂੰ ਰੱਦ ਕਰਦੇ ਹੋਏ ਇਹ ਟਿਪਣੀ ਕੀਤੀ। ਅਦਾਲਤ ਨੇ ਕਿਹਾ ਕਿ ਇਸ਼ਤਿਹਾਰ ਮੁਤਾਬਕ ਉਮੀਦਵਾਰ ਕੋਲ ਇਤਿਹਾਸ ਦੀ ਪੋਸਟ ਗਰੈਜੂਏਸ਼ਨ, ਗਰੈਜੂਏਸ਼ਨ ਦੀ ਡਿਗਰੀ ਜ਼ਰੂਰ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਅਸੀਂ ਰਿੱਟ ਪਟੀਸ਼ਨਰਾਂ ਦੀਆਂ ਡਿਗਰੀਆਂ, ਸਰਟੀਫਿਕੇਟਾਂ ਦੇਖੇ ਹਨ। ਲੱਗਦਾ ਹੈ ਕਿ ਉਨ੍ਹਾਂ ਨੇ ਇਤਿਹਾਸ ਦੀ ਕਿਸੇ ਵੀ ਸ਼ਾਖਾ ਯਾਨੀ ਪ੍ਰਾਚੀਨ ਭਾਰਤ ਦਾ ਇਤਿਹਾਸ, ਪ੍ਰਾਚੀਨ ਭਾਰਤ ਦਾ ਇਤਿਹਾਸ ਅਤੇ ਸਭਿਆਚਾਰ, ਮੱਧਕਾਲੀਨ, ਆਧੁਨਿਕ ਇਤਿਹਾਸ, ਪ੍ਰਾਚੀਨ ਭਾਰਤ ਦਾ ਇਤਿਹਾਸ, ਸਭਿਆਚਾਰ ਤੇ ਪੁਰਾਤੱਤਵ ਤੋਂ ਕਿਸੇ ਵਿੱਚ ਪੋਸਟ ਗਰੈਜੂਏਸ਼ਨ, ਗਰੈਜੂਏਸ਼ਨ ਦੀ ਡਿਗਰੀ ਕਿਸੇ ਇੱਕ ਸ਼ਾਖਾ ਵਿੱਚ ਡਿਗਰੀ ਪ੍ਰਾਪਤ ਕਰਨਾ ਨਹੀਂ ਕਿਹਾ ਜਾ ਸਕਦਾ ਹੈ।ਇਤਿਹਾਸ ਟੀਚਰ ਵਜੋਂ ਉਸ ਨੂੰ ਇਤਿਹਾਸ ਦੇ ਸਾਰੇ ਵਿਸ਼ੇ, ਪ੍ਰਾਚੀਨ ਇਤਿਹਾਸ, ਭਾਰਤੀ ਪ੍ਰਾਚੀਨ ਇਤਿਹਾਸ ਤੇ ਸਭਿਆਚਾਰ, ਮੱਧਕਾਲੀਨ, ਆਧੁਨਿਕ ਇਤਿਹਾਸ, ਸਭਿਆਚਾਰ ਤੇ ਪੁਰਾਤੱਤਵ ਆਦਿ ਪੜ੍ਹਾਉਣੇ ਪੈਣਗੇ।


## ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149






## ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ
ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਹੁੰਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫ਼ਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਂਪਰੇਟ ਐਂਟਰੇਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੇ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਸ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE**
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO — Call Jag Aujla For Details

**JUST LISTED FOR SALE**
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022


323rd Revelation Day of Khalsa
੩੨੩ ਵਾਂ ਖਾਲਸਾ ਸਾਜਨਾ ਦਿਵਸ




| | | | | | |
|---|---|---|---|---|---|
| Kultar Singh Gill | 416-676-8820 | Manjit Singh Parmar | 416-524-7330 | Bhupinder Singh Ubbi | 416-726-7388 |
| Inderjit Singh Jagron | 416-704-0506 | Harbans Singh Jandali | 416-804-1999 | Ajmer Singh Mandur | 519-574-5042 |
| Pall Singh Badwal | 416-402-9053 | | | | |

**PLEASE NOTE: *NO PARADE THIS YEAR***
**CELEBRATIONS ONLY AT NATHAN PHILIPS SQUARE (City Hall)**
**10.00 AM TO 5:00 PM**

Ontario Sikhs & Gurdwara Council
Celebration 323th year of Khalsa Day (1699-2022)
Nathan Philips Square (City Hall, Toronto)
April 24, 2022 Sunday

ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ
੩੨੩ਵਾਂ ਖਾਲਸਾ ਸਾਜਨਾ ਦਿਵਸ(੧੬੯੯-੨੦੨੨)
ਨਾਥਨ ਫਿਲਿਪਸ ਸਕਿਅਰ (ਸਿਟੀ ਹਾਲ, ਟੋਰਾਂਟੋ)
ਅਪ੍ਰੈਲ ੨੪, ੨੦੨੨ ਦਿਨ ਐਤਵਾਰ


ASIAN FOOD CENTRE
**Vaisakhi SALE**
www.AsianFoodCentre.com
8TH APR TO 19TH APR 2022
Fresh Fruits, Vegetables, Indian & Canadian Grocery

$13.99 SHER DESI STYLE ATTA
$12.99 TAJ ATTA
$4.99 MEERA BESAN
$4.99 1LB ALMONDS
$8.99 ASIAN BASMATI RICE
$7.99 AFC DIAMOND RICE
$4.29 MOTHER DAIRY PANEER
$1.99 1G SAFFRON
$5.49 2.5LB GOLDEN COOKIES
$13.99 ANGUR TOOR DAL
$7.99 TASTY BROWN SUGAR
$2.99 REDPATH SUGAR
$8.99 TEA INDIA
$3.49 INDIAN ROOHAFZA
$0.89 PARLE-G
$8.99 BRAR RASMALAI
$2.99 BRITANNIA DRY CAKE
$3.99 MOTHER DAIRY MAKHANI
$4.99 BIKANERI COOKIES
$3.99 POPULAR PARATHA
$4.99 HEINZ KETCHUP
$0.99 MR GOUDAS SALT
2 FOR $1 INDICA NATURAL BROWN HAIR COLOR
$3.79 PACHARANGA FOODS ASSORTED PICKLE
3 FOR $2 GOOD DAY COOKIES
$2.29 SURATI SNACKS
$0.99 APPY FIZZ
$10.99 WAGHABAKRI TEA
$1.49 BR TIGER GLUCOSE BISCUIT
$1.49 MR GOUDAS CHICK PEAS
$3.99 BIKANO DRY PETHA
$3.29 BIKANERI GOLGAPPE
$1.49 MR GOUDAS RED KIDNEY BEANS
$4.49 PAKISTANI ROOHAFZA
$3.49 BRITANNIA MILK RUSK
$4.49 BLACK CHANA
$3.99 CHANA DAL
$0.79 CIAN FRESH CUT VEGETABLES
$2.29 PRAN ASST CHUTNEY
$1.29 PRAN FLATTENED RICE (POHA)




ETOBICOKE — 10 Westmore Dr. 416-740-3262
MISSISSAUGA — 1075 Ceremonial Dr. 905-502-1600
BRAMPTON — 621 Wanless Dr. 905-495-3336
BRAMPTON — 2120 N Park Dr. 905-793-1338
BRAMPTON — 80 Pertosa Dr. 905-460-0009
BRAMPTON — 40 Airport RD & Lacoste Blvd. 905-794-8109
BRAMPTON — 10510 Torbram Rd. 905-790-0030
BRAMPTON — 10 Pannahill Dr. 905-913-8017
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media